ਤਿਸ਼ਨਾ ਬੈਠੇ ਹੋ ਕਿਨਾਰੇ ਜੂਏ ਸ਼ੀਰੀਂ ਹੈਫ਼ ਹੈ,
ਸਰ ਜ਼ਮੀਨਿ ਹਿੰਦ ਮੇਂ ਚਲਤੀ ਹੈ ਨਹਿਰਿ ਖ਼ੁਸ਼ਗੁਾਰ ।

پیغام صلح

# ਮਿਲਾਪ-ਸੰਦੇਸ਼

ਅਰਥਾਤ

ਸ੍ਰੀ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਵਲੋਂ ਹਿੰਦੁਸਤਾਨ
ਦੇ ਦੋ ਵਡੇ ਮਜ਼ਹਬਾਂ, ਹਿੰਦੂ ਮਤ ਤੇ ਇਸਲਾਮ, ਵਿਚ ਮਿਲਾਪ
ਕਰਾਉਣ ਲਈ ਆਪਣੀ ਆਯੂ ਦੇ ਅੰਤਲੇ ਦਿਨਾਂ ਵਿਚ
ਆਪਣੇ ਦੇਸ ਵਾਸੀ ਭਰਾਵਾਂ ਨੂੰ ਦਿਤੇ

## 'ਪੈਗ਼ਾਮਿ-ਸੁਲਹ' ਦਾ ਪੰਜਾਬੀ ਉਲਥਾ

— ਉਲਥਾਕਾਰ —

## ਗਿਆਨੀ ਅਬਾਦਉੱਲਾ ਸਾਹਿਬ ਅੰਮ੍ਰਿਤਸਰੀ

الناشر:- ایڈیشنل ناظر اشاعت و وکیل التصنیف لندن

ਤਿਸ਼ਨਾ ਬੈਠੇ ਹੋ ਕਿਨਾਰੇ ਜੂਏ ਸ਼ੀਰੀਂ ਹੇਫ਼ ਹੈ,
ਸਰ ਜ਼ਮੀਨਿ ਹਿੰਦ ਮੇਂ ਚਲਤੀ ਹੈ ਨਹਿਰਿ ਖ਼ੁਸ਼ਗੁਾਰ ।

پیغام صلح

# ਮਿਲਾਪ-ਸੰਦੇਸ਼

ਅਰਥਾਤ

ਸ੍ਰੀ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਕਾਦੀਆਨੀ ਵਲੋਂ ਹਿੰਦੁਸਤਾਨ
ਦੇ ਦੋ ਵਡੇ ਮਜ਼ਹਬਾਂ, ਹਿੰਦੂ ਮਤ ਤੇ ਇਸਲਾਮ, ਵਿਚ ਮਿਲਾਪ
ਕਰਾਉਣ ਲਈ ਆਪਣੀ ਆਯੂ ਦੇ ਅੰਤਲੇ ਦਿਨਾਂ ਵਿਚ
ਆਪਣੇ ਦੇਸ ਵਾਸੀ ਭਰਾਵਾਂ ਨੂੰ ਦਿਤੇ

## 'ਪੈਗ਼ਾਮਿ-ਸੁਲਹ' ਦਾ ਪੰਜਾਬੀ ਉਲਥਾ

— ਉਲਥਾਕਾਰ —

ਗਿਆਨੀ ਅਬਾਦਉੱਲਾ ਸਾਹਿਬ ਅੰਮ੍ਰਿਤਸਰੀ

الناشر: ایڈیشنل ناظر اشاعت و وکیل التصنیف لندن

# ਜਾਣ-ਪਛਾਣ

## ਸੰਤ ਸਹਾਈ ਪ੍ਰੇਮ ਕੇ...........

ਸੰਤਾਂ ਤੇ ਮਹਾਤਮਾਵਾਂ ਦੀ ਇਹ ਨਿਸ਼ਾਨੀ ਮੰਨੀ ਗਈ ਹੈ ਕਿ ਉਹ ਸੰਸਾਰ ਵਿਚ ਆ ਕੇ ਪ੍ਰੇਮ ਤੇ ਏਕਤਾ ਨੂੰ ਕਾਇਮ ਕੀਤਾ ਕਰਦੇ ਹਨ। ਸੰਸਾਰ ਦੇ ਓਹਨਾਂ ਲੋਕਾਂ ਵਿਚ–ਜੋ ਸਦਾ ਆਪਣੇ ਭਰਾਵਾਂ ਦਾ ਖ਼ੂੰਨ ਪੀਣ ਵਾਸਤੇ ਤਤਪਰ ਰਹਿੰਦੇ ਹੋਣ, ਅਥਵਾ ਜਿਨ੍ਹਾਂ ਦਾ ਕੰਮ ਆਪਣੇ ਅੰਮੀਂ ਜਾਇਆਂ ਦੇ ਲਹੂ ਵਿਚ ਨਹਾਉਣਾ ਹੋਵੇ–ਸਾਰੇ ਮਤ-ਭੇਦ ਤੇ ਲੜਾਈ ਝਗੜੇ ਮਿਟਾ ਕੇ ਏਕਤਾ ਤੇ ਪ੍ਰੇਮ ਦੀ ਲਹਿਰ ਚਲਾ ਦੇਣੀ ਈਸ਼੍ਵਰੀ ਜੀਉੜਿਆਂ ਦਾ ਹੀ ਕੰਮ ਹੁੰਦਾ ਹੈ।

ਹਜ਼ਰਤ ਮਿਰਜ਼ਾ ਸਾਹਿਬ ਤੋਂ ਪਹਿਲਾਂ ਸੰਸਾਰ ਵਿਚ, ਰੱਬੀ-ਜੀਉੜੇ ਹਜ਼ਰਤ ਬਾਬਾ ਨਾਨਕ ਸਾਹਿਬ ਜੀ ਦੇ ਇਸ ਭਵਿੱਖਤ ਕਥਨ:–

ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨ ਮੁਸਲਮਾਣ।
ਰਾਮ ਰਹੀਮ ਨ ਜਾਣਸਨ ਨਾ ਕੋ ਕਰੇ ਕਲਾਮ।

(ਜਨਮ ਸਾਖੀ ਭਾਈ ਬਾਲਾ)

ਮੂਜਬ ਹਰ ਪਾਸੇ ਧੁੰਧੂਕਾਰ ਵਰਤ ਰਹੀ ਸੀ। ਲੋਕ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਪ੍ਰੇਮ ਭਰਿਆ ਸਬਕ ਭੁਲਾ ਕੇ ਅਨੇਕਤਾ ਦਾ ਸ਼ਿਕਾਰ ਹੋ ਰਹੇ ਸਨ। ਇਕ ਦੂਜੇ ਦੇ ਬਜ਼ੁਰਗ ਨੂੰ ਸਤਿਕਾਰਨ ਦੀ ਥਾਵੇਂ ਓਹਨਾਂ ਪੁਰ ਅਯੋਗ ਟੀਪਾ ਟਿਪਣੀ ਕਰ ਕੇ ਅਨੇਕਤਾ ਦੀ ਅੱਗ ਪੁਰ ਤੇਲ ਪਾ ਰਹੇ ਸਨ, ਅਥਵਾ ਏਕਤਾ ਦੇ ਮੰਡਲ ਵਿਚ ਅਨੇਕਤਾ ਦੀ ਅੱਗ ਦਾ ਭਾਂਬੜ ਮਚਿਆ ਹੋਇਆ ਸੀ।

ਜਗਤ ਪ੍ਰਸਿੱਧ ਵਿਦਵਾਨ ਤੇ ਦਾਨੇ ਇਸ ਗੱਲ ਨੂੰ ਭਲੀ ਪਰਕਾਰ ਜਾਣਦੇ ਹਨ ਕਿ ਪ੍ਰੇਮ ਤੇ ਏਕਤਾ ਨੂੰ ਕਾਇਮ ਰੱਖਣ ਵਾਲੀਆਂ ਗੱਲਾਂ ਵਿਚੋਂ ਸਭ ਤੋਂ ਜ਼ਰੂਰੀ ਤੇ ਮੁਖੀ ਗੱਲ ਇਹੋ ਹੈ ਕਿ ਇਕ ਦੂਜੇ ਦੇ ਬਜ਼ੁਰਗ ਨੂੰ ਸਤਿਕਾਰਿਆ ਜਾਵੇ; ਕਿਉਂ ਜੁ ਕਮਜ਼ੋਰ ਤੋਂ ਕਮਜ਼ੋਰ ਕੌਮ ਤੇ ਨਿਰਬਲ ਤੋਂ ਨਿਰਬਲ ਮਨੁੱਖ ਭੀ ਆਪਣੇ ਬਜ਼ੁਰਗ ਦੀ ਬੇਪਤੀ ਸਹਾਰਨ ਤੋਂ ਅਸਮਰਥ ਹੈ ਅਤੇ ਆਪਣੇ ਬਜ਼ੁਰਗ ਦੀ ਬਜ਼ੁਰਗੀ ਨੂੰ ਕਾਇਮ ਕਰਨ ਵਾਸਤੇ ਆਪਣੀ ਜਾਨ ਤੇ ਖੇਡਣੋਂ ਭੀ ਫ਼ਰਕ ਨਹੀਂ ਕੀਤਾ ਜਾਂਦਾ। ਸੰਸਾਰ ਦੀ ਸ਼ਾਂਤੀ ਤੇ ਅਮਨ ਨੂੰ ਤਬਾਹ ਕਰਨ ਵਾਲੀ ਇਸ ਤੋਂ ਵਧੀਕ ਹਾਨੀਕਾਰਕ ਹੋਰ ਕੋਈ ਗੱਲ ਨਹੀਂ। ਸਾਡੇ ਦੇਸ ਵਿਚ ਜੋ ਫੁਟ ਦਿਖਾਈ ਦੇ ਰਹੀ ਹੈ, ਤਾਂ ਉਸ ਦਾ ਵੀ ਮੂਲ ਕਾਰਨ ਇਹੋ ਹੈ ਕਿ ਸਾਡੇ ਦੇਸ-ਵਾਸੀ ਇਕ ਦੂਜੇ ਦੇ ਬਜ਼ੁਰਗ ਨੂੰ ਸਤਿਕਾਰਨ ਦੀ ਥਾਵੇਂ ਓਹਨਾਂ ਤੇ ਅਯੋਗ ਨੁਕਤਾ ਚੀਨੀ ਕਰਕੇ ਗੰਦ ਉਛਾਲਣ ਵਾਸਤੇ ਸਦਾ ਹੀ ਤਿਆਰ ਰਹਿੰਦੇ ਹਨ। ਇਹੋ ਕਾਰਨ ਹੈ ਕਿ ਸਾਡਾ ਦੇਸ ਉੱਨਤੀ ਦੇ ਸਿਖਰ ਪੁਰ ਪੁਜਣ ਦੀ ਥਾਵੇਂ ਦਿਨੋ ਦਿਨ ਰਸਾਤਲ ਵਲ ਜਾ ਰਿਹਾ ਹੈ।

ਹਜ਼ਰਤ ਮਿਰਜ਼ਾ ਸਾਹਿਬ ਨੇ ਸੰਸਾਰ ਵਿਚ ਸੱਚੀ ਏਕਤਾ ਕਾਇਮ ਕਰਨ ਵਾਸਤੇ ਦੁਨੀਆ ਦੇ ਸਾਹਮਣੇ ਜੋ ਸ਼ੁਭ-ਸਿੱਖਿਆ ਪੇਸ਼ ਕੀਤੀ, ਉਸ ਦਾ ਸਭ ਤੋਂ ਪਹਿਲਾ ਤੇ ਜ਼ਰੂਰੀ ਉਪਦੇਸ਼ ਇਹੋ ਹੈ ਕਿ "ਹਰ ਕੌਮ ਦੇ ਸਤਿਕਾਰਯੋਗ ਬਜ਼ੁਰਗ ਨੂੰ ਆਪਣਾ ਬਜ਼ੁਰਗ ਸਮਝਦੇ ਹੋਏ ਉਸ ਦਾ ਉਸੇ ਤਰ੍ਹਾਂ ਸਤਿਕਾਰ ਕਰੋ, ਜਿਸ ਤਰ੍ਹਾਂ ਕਿਸੇ ਆਪਣੇ ਪਿਆਰੇ ਬਜ਼ੁਰਗ ਦਾ ਕਰਦੇ ਹੋ।"

ਅੱਜ ਹਿੰਦੁਸਤਾਨ ਵਿਚ ਹੀ ਨਹੀਂ, ਸਗੋਂ ਸਾਰੇ ਸੰਸਾਰ

ਵਿਚ ਕੇਵਲ ਇਹੋ ਇਕ ਅਜਿਹੀ ਜਮਾਤ ਹੈ ਜੋ ਜਮਾਤੀ ਤੌਰ ਤੇ ਹਰ ਕੌਮ ਦੇ ਬਜ਼ੁਰਗ ਨੂੰ—ਭਾਵੇਂ ਉਹ ਕੌਮ ਸੰਸਾਰ ਦੇ ਕਿਸੇ ਹਿੱਸੇ ਤੇ ਵਸ ਰਹੀ ਹੈ—ਬਿਨਾਂ ਕਿਸੇ ਵਿਤਕਰੇ ਦੇ ਆਪਣਾ ਸਤਿਕਾਰ ਯੋਗ ਬਜ਼ੁਰਗ ਸਮਝ ਕੇ ਉਸ ਦੀ ਉਸੇ ਤਰ੍ਹਾਂ ਹੀ ਇੱਜ਼ਤ ਕਰ ਰਹੀ ਹੈ, ਜਿਸ ਤਰ੍ਹਾਂ ਕਿ ਆਪਣੇ ਕਿਸੇ ਪਿਆਰੇ ਬਜ਼ੁਰਗ ਦੀ ਕਰਦੀ ਹੈ। ਹਰ ਉਹ ਸੱਜਣ ਜੋ ਆਪਣੇ ਆਪ ਨੂੰ ਸ੍ਰੀ ਨਿਹਕਲੰਕ ਕ੍ਰਿਸ਼ਨ ਕਾਦੀਆਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਦੀ ਕਾਇਮ ਕਰਦਾ, ਅਹਿਮਦੀਆ, ਜਮਾਤ ਨਾਲ ਸੰਬੰਧਤ ਕਰ ਕੇ ਅਹਿਮਦੀ ਕਹਾਉਂਦਾ ਹੈ, ਉਹ ਨਾ ਕੇਵਲ ਸੰਸਾਰੀ ਜੀਵਾਂ ਨੂੰ ਖੁਸ਼ ਕਰਨ ਵਾਸਤੇ; ਸਗੋਂ ਆਪਣੇ ਪਿਆਰੇ ਸਿਰਜਣਹਾਰ ਪ੍ਰਮਾਤਮਾ ਦੀ ਪ੍ਰੇਮ-ਭਰੀ ਸਿੱਖਿਆ:—

"ਵਇੰਮਿਨ ਉੱਮਤਿਨ ਇੱਲਾ ਖਲਾਫ਼ੀਹਾ ਨਜ਼ੀਰ"*

ਅਥਵਾ "ਵਲਾ ਕੱਦ ਬਅੱਸਨਾ ਫ਼ੀ ਕੁੱਲਿ ਉਮਤਿਨ ਰਸੂਲਾ†। ਮੂਜਬ ਮਜ਼ਹਬੀ ਤੌਰ ਤੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੂੰ ਉੱਸੇ ਤਰ੍ਹਾਂ ਸਤਿਕਾਰ ਦਾ ਹੋਇਆ ਪ੍ਰੇਮ ਭਰੀ ਨਜ਼ਰ ਨਾਲ ਦੇਖਦਾ ਹੈ, ਜਿਸ ਤਰ੍ਹਾਂ ਕਿ ਹਜ਼ਰਤ ਮੂਸਾ, ਜਾਂ ਈਸਾ ਨੂੰ; ਉਸ ਵਾਸਤੇ ਸ੍ਰੀ ਰਾਮ ਚੰਦ੍ਰ ਜੀ ਮਹਾਰਾਜ ਉੱਸੇ ਤਰ੍ਹਾਂ ਹੀ ਬਜ਼ੁਰਗ ਹਨ, ਜਿਸ ਤਰ੍ਹਾਂ ਕਿ ਹਜ਼ਰਤ ਜ਼ਰਤਸ਼ਤ ਜਾਂ ਨੂੰਹ; ਉਸ ਨੂੰ ਮਹਾਤਮਾ ਬੁਧ ਜਾਂ ਹਜ਼ਰਤ ਇਬ੍ਰਾਹੀਮ ਵਿਚ "ਲਾ ਨੁਫ਼ੱਰਿਕੁ ਬੈਨਾ ਅਹਿਦਿੰਮਿੰਰੁਸੁਲਿਹ"‡ । ਦੇ ਪਵਿੱਤਰ ਕਥਨ ਮੂਜਬ ਕੋਈ

---

*ਪ੍ਰਮਾਤਮਾ ਨੇ ਹਰ ਬਸਤੀ ਵਿਚ ਆਪਣੇ ਨਜ਼ੀਰ ਭੇਜੇ ਹਨ ।

†ਸੰਸਾਰ ਦੀ ਹਰ ਕੌਮ ਵਿਚ ਈਸ਼ਵਰ ਨੇ ਆਪਣੇ ਪਿਆਰੇ ਤੇ ਸਚੇ ਸੁਧਾਰਕ ਭਜੇ ਹਨ ।

‡ਪ੍ਰਮਾਤਮਾ ਦੇ ਸਭ ਪਿਆਰੇ ਇਕੋ ਮਾਲਾ ਦੇ ਰਤਨ ਹਨ, ਅਥਵਾ ਓਹਨਾਂ ਵਿਚ ਕੋਈ ਭੇਦ ਨਾ ਸਮਝੋ ।

ਦੂਜ ਨਜ਼ਰ ਨਹੀਂ ਆਉਂਦੀ; ਉਹ ਸ੍ਰੀ ਪ੍ਰਹਿਲਾਦ ਜੀ ਜਾਂ ਹਜ਼ਰਤ ਦਾਊਦ ਵਿਚ ਕੋਈ ਵਿਤਕਰਾ ਨਹੀਂ ਸਮਝਦਾ; ਮੁਕਦੀ ਗੱਲ ਉਸ ਨੂੰ ਸਰਬੱਤ ਕੌਮਾਂ ਦੇ ਸਮੂੰਹ ਬਜ਼ੁਰਗਾਂ ਵਿਚ ਕੋਈ ਦ੍ਵੈਤਾ-ਭਾਵ ਨਹੀਂ ਦਿਸਦਾ; ਸਗੋਂ ਓਹਨਾਂ ਸਾਰਿਆਂ ਨੂੰ ਇੱਕੋ ਹੀ ਮਾਲਾ ਦੇ ਰਤਨ ਸਮਝਦਾ ਹੋਇਆ ਇਸ ਗੱਲ ਤੇ ਪੂਰਨ ਵਿਸ਼ਵਾਸ ਰੱਖਦਾ ਹੈ ਕਿ ਉਹ ਸਾਰੇ ਬਜ਼ੁਰਗ ਆਪੋ ਆਪਣੇ ਵਕਤ ਦੇ ਰੱਬੀ ਸੁਧਾਰਕ ਸਨ ਤੇ ਆਪੋ ਆਪਣੇ ਸਮੇਂ ਭੁੱਲੀ ਦੁਨੀਆ ਨੂੰ ਰਾਹੇ ਪਾਉਣ ਵਾਸਤੇ ਆਏ ਅਤੇ ਏਕਤਾ ਤੇ ਪ੍ਰੇਮ ਦਾ ਸੱਚਾ ਸਬਕ ਦੇ ਗਏ। ਉਹ ਸਾਰੇ ਹੀ ਬਜ਼ੁਰਗ ਰੱਬੀ ਹੁਕਮਾਂ ਨੂੰ ਮੰਨਣ ਵਾਲੇ ਅਥਵਾ ਰੱਬ ਦੇ ਸੱਚੇ ਫ਼ਰਮਾਂਬਰਦਾਰ ਸਨ। ਅੱਜ ਜੇ ਕੋਈ ਮਨੁੱਖ ਇਹਨਾਂ ਬਜ਼ੁਰਗਾਂ ਦੀ ਸ਼ੁਭ-ਕਰਣੀ ਨੂੰ ਅੱਖੋਂ ਉਹਲੇ ਕਰ ਕੇ ਵਾਹਿਗੁਰੂ ਦਾ ਨਿਕਟ-ਵਰਤੀ ਬਣਨਾ ਚਾਹੇ, ਤਾਂ ਸਾਡੇ ਨਿਸਚੇ ਮੂਜਬ ਉਹ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ। ਇਹੋ ਕਾਰਨ ਹੈ ਕਿ ਅੱਜ ਇਕ ਅਹਿਮਦੀ ਤਦ ਤੱਕ ਸੱਚਾ ਅਹਿਮਦੀ ਨਹੀਂ ਹੋ ਸਕਦਾ, ਜਦ ਤਕ ਕਿ ਉਹ ਈਸ਼੍ਵਰ ਦੇ ਓਹਨਾਂ ਸਮੂੰਹ ਪਿਆਰਿਆਂ ਨੂੰ ਜੋ ਮੁਖਤਲਿਫ਼ ਵਕਤਾਂ ਤੇ ਮੁਖਤਲਿਫ਼ ਕੌਮਾਂ ਵਿਚ ਈਸ਼੍ਵਰੀ ਸੁਨੇਹਾ ਲੈ ਕੇ ਆਏ, ਰੱਬ ਦੇ ਪਿਆਰੇ ਤੇ ਸੱਚੇ ਫਰਮਾਂਬਰਦਾਰ ਮੰਨਦਾ ਹੋਇਆ ਸ੍ਰੀ ਕ੍ਰਿਸ਼ਨ ਕਾਦੀਆਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਜੀ ਮਹਾਰਾਜ ਦੇ ਕਸ਼ਫ਼ ਦੇ ਆਧਾਰ ਤੇ ਹਜ਼ਰਤ ਬਾਬਾ ਨਾਨਕ ਸਾਹਿਬ ਜੀ ਮਹਾਰਾਜ ਨੂੰ ਈਸ਼੍ਵਰ ਦਾ ਪਿਆਰਾ, ਸੱਚਾ ਫ਼ਰਮਾਂਬਰਦਾਰ ਤੇ ਵਲੀਅੱਲਾਹ ਸਮਝ ਕੇ ਨਾ ਸਤਿਕਾਰੇ।

ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਦੀ ਇਹ

ਪ੍ਰੇਮ-ਭਰੀ ਸ਼ੁਭ-ਸਿੱਖਿਆ ਹਰ ਸੱਚੇ ਅਹਿਮਦੀ ਦੇ ਦਿਲ ਵਿਚ ਕੁਟ ਕੁਟ ਕੇ ਭਰੀ ਹੋਈ ਹੈ। ਹਰ ਉਹ ਅਹਿਮਦੀ ਜੋ ਅਹਿਮਦੀਅਤ ਨੂੰ ਸਮਝਦਾ ਹੈ, ਇੱਸੇ ਜੱਦੋ ਜਹਿਦ ਵਿਚ ਲੱਗਾ ਹੋਇਆ ਹੈ ਕਿ ਸਾਰਾ ਸੰਸਾਰ ਸਭ ਬਜ਼ੁਰਗਾਂ ਨੂੰ ਸਤਿਕਾਰਦਾ ਹੋਇਆ ਇਕ ਮਾਲਾ ਦੇ ਰਤਨਾਂ ਵਾਂਗ ਇਕੋ ਲੜੀ ਵਿਚ ਪ੍ਰੋਤਾ ਜਾਵੇ। ਉਸ ਦੀ ਰਾਤ ਦਿਨ ਇਹੋ ਕੋਸ਼ਿਸ਼ ਹੈ ਕਿ ਤਮਾਮ ਸੰਸਾਰ ਦੇ ਜੀਵ–ਭਾਵੇਂ ਉਹ ਚੀਨੀ ਹੋਣ ਤੇ ਭਾਵੇਂ ਜਾਪਾਨੀ; ਭਾਵੇਂ ਓਹਨਾਂ ਦਾ ਦੇਸ ਅਮਰੀਕਾ ਹੋਵੇ ਤੇ ਭਾਵੇਂ ਅਫ਼ਰੀਕਾ; ਭਾਵੇਂ ਉਹ ਟਰਕੀ ਦੇ ਵਾਸੀ ਹੋਣ ਤੇ ਭਾਵੇਂ ਈਰਾਨ ਦੇ; ਗੱਲ ਕੀ ਭਾਵੇਂ ਉਹ ਸੰਸਾਰ ਦੇ ਕਿਸੇ ਹਿੱਸੇ ਵਿਚ ਵਸਦੇ ਹੋਣ—ਆਪਣਾ ਕੌਮੀ ਵਡੱਤਣ ਤੇ ਨਸਲੀ ਵਿਤਕਰਾ ਮਿਟਾ ਕੇ

"ਇੱਨਾਮਲ ਮੁਅਮਿਨੂਨਾ ਇਖ਼ਵਾਤੁਨ ।"*

ਅਨੁਸਾਰ ਇੱਕੋ ਲੜੀ ਵਿਚ ਗੁੰਦੇ ਜਾਣ ਤੇ ਓਹਨਾਂ ਵਿਚ ਕਿਸੇ ਕਿਸਮ ਦੀ ਦੂਈ ਜਾਂ ਦ੍ਵੈਤ ਨਜ਼ਰ ਨਾ ਆਵੇ; ਸਭ ਊਚ ਨੀਚ ਦਾ ਵਿਤਕਰਾ ਮਿਟਾ ਕੇ ਮਹਿਮੂਦ ਤੇ ਅੱਯਾਜ਼ ਦਾ ਇੱਕੋ ਸਫ਼ ਵਿਚ ਖੜੇ ਹੋਣ ਦਾ ਨਜ਼ਾਰਾ ਦੁਨੀਆਂ ਦੇ ਸਾਹਮਣੇ ਇਕ ਵਾਰ ਮੁੜ ਆ ਜਾਵੇ; ਕਾਲੇ-ਗੋਰੇ ਦੀ ਵੰਡ ਉੱਕੀ ਹੀ ਮਿਟ ਜਾਵੇ ਤੇ ਹਰ ਪਾਸੇ ਸਤਿਜੁਗ ਦਾ ਵਰਤਾਰਾ ਵਰਤ ਜਾਵੇ; ਅਥਵਾ ਸੰਸਾਰ ਵਿਚ ਇਕ ਅਜਿਹੀ ਸਾਂਝੀ ਕੌਮੀਅਤ ਪੈਦਾ ਹੋ ਜਾਵੇ ਕਿ ਜਿਸ ਵਿਚ ਭਿੰਨ ਭਿੰਨ ਬਜ਼ੁਰਗਾਂ ਦੇ ਮੰਨਣ ਵਾਲੇ ਆਪੋ ਆਪਣੇ ਬਜ਼ੁਰਗਾਂ ਨੂੰ ਸਤਿਕਾਰਦੇ ਹੋਏ, ਪਾਟੋਧਾੜ ਤੇ ਖਿੱਚੋਤਾਣ ਨੂੰ

---

*ਸਭ ਮੋਮਨ ਆਪਸ ਵਿਚ ਅੰਮਾ ਜਾਏ ਭਰਾ ਹਨ ।

ਤਿਆਗ ਕੇ 'ਇਕ ਹੱਥ ਤੇ ਜਮ੍ਹਾ ਹੋ ਜਾਣ' ਅਰਥਾਤ 'ਸਮੂਹ ਸੰਸਾਰੀ ਜੀਵ ਆਪਣੇ ਸਿਰਜਨਹਾਰ ਕਰਤਾ ਪੁਰਖ ਪ੍ਰਮਾਤਮਾ ਦੇ ਹੁਕਮ ਅਨੁਕੂਲ ਆਪਸ ਵਿਚ ਗਲਵਕੜੀਆਂ ਪਾ ਕੇ ਤੇ ਮਿਲ ਜੁਲ ਕੇ ਇੱਕੋ ਹੀ ਸਿੱਧੀ ਸੜਕ ਤੇ ਤੁਰ ਪੈਣ। ਇਸੇ ਦਾ ਹੀ ਦੂਜਾ ਨਾਂ ਅਹਿਮਦੀਅਤ ਅਥਵਾ ਹਕੀਕੀ ਇਸਲਾਮ ਹੈ, ਅਤੇ ਇਸੇ ਨੂੰ ਕਾਇਮ ਕਰਨਾ ਜਮਾਤ ਅਹਿਮਦੀਆ ਦਾ ਮੁਖ-ਮੰਤਵ ਹੈ।'

ਬਸ, ਇਹ ਹੈ ਉਹ ਕੰਮ, ਜੋ ਸ੍ਰੀ ਕ੍ਰਿਸ਼ਨ ਕਾਦੀਆਨੀ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਨੇ ਹਰ ਉਸ ਸੱਜਣ ਦੇ ਸਪੁਰਦ ਕੀਤਾ ਹੈ, ਜੋ ਆਪਣਾ ਹੱਥ ਓਹਨਾਂ ਦੇ ਜਾਂ ਓਹਨਾਂ ਦੇ ਖਲੀਫ਼ਿਆਂ ਦੇ ਹੱਥ ਵਿੱਚ ਦੇ ਕੇ ਅਹਿਮਦੀਆ ਜਮਾਤ ਵਿਚ ਸ਼ਾਮਲ ਹੁੰਦਾ ਹੋਇਆ ਅਹਿਮਦੀ ਕਹਾਉਂਦਾ ਹੈ ਅਤੇ ਇੱਸੇ ਹੀ ਕੰਮ ਨੂੰ ਸੰਸਾਰ ਤੇ ਕਾਇਮ ਕਰ ਦੇਣਾ ਅਹਿਮਦੀਅਤ ਦਾ ਮੰਜ਼ਲਿ ਮਕਸੂਦ ਅਥਵਾ ਅਸਲ ਟਿਕਾਣਾ ਹੈ।

ਬੇਸ਼ੱਕ ਇਹ ਕੰਮ ਸੌਖਾ ਨਹੀਂ, ਸਗੋਂ ਕਠਨ ਹੈ; ਪਰ:—

ਮਹਿਮੂਦ ਅਗਰ ਮੰਜ਼ਿਲ ਹੈ ਕਠਨ
ਤੋ ਰਹਿਨੁਮਾ ਭੀ ਕਾਮਿਲ ਹੈ,
ਤੁਮ ਉਸ ਪੈ ਤਵੱਕਲ ਕਰਕੇ ਚਲੋ
ਔਰ ਖ਼ੌਫ਼ ਕੋ ਪਾਸ ਨ ਆਨੇ ਦੋ।

ਅਨੁਸਾਰ ਹਰ ਅਹਿਮਦੀ ਇਸ ਗੱਲ ਤੇ ਭੀ ਪੱਕਾ ਨਿਸਚਾ ਰਖਦਾ ਹੈ ਕਿ ਅਹਿਮਦੀਅਤ ਨੂੰ ਸੰਸਾਰ ਤੇ ਕਾਇਮ ਕਰਨਾ ਕਿਸੇ ਮਨੁੱਖੀ ਤਾਕਤ ਦਾ ਕੰਮ ਨਹੀਂ; ਸਗੋਂ ਇਹ ਖ਼ੁਦਾਈ ਕੰਮ ਹੈ; ਇਸ ਲਈ ਅਹਿਮਦੀਅਤ ਨੂੰ ਕਾਇਮ ਕਰਨ ਵਾਸਤੇ ਈਸ਼੍ਵਰ ਆਪ ਹੀ ਅਜਿਹੇ ਹਾਲਾਤ ਪੈਦਾ ਕਰਦਾ ਚਲਾ ਜਾਵੇਗਾ ਕਿ

ਜਿਸ ਨਾਲ ਇਸ ਦੇ ਕਾਇਮ ਹੋਣ ਵਿਚਲੀਆਂ ਰੁਕਾਵਟਾਂ, ਭਾਵੇਂ ਓਹ ਕਿੱਨੀਆਂ ਹੀ ਵਧੀਕ ਤੇ ਕਿੰਨੀਆਂ ਵਡੀਆਂ ਹੋਣ, ਆਪਣੇ ਆਪ ਹੀ ਦੂਰ ਹੁੰਦੀਆਂ ਚਲੀਆਂ ਜਾਣ; ਕਿਉਂ ਜੁ ਇਹ ਲਹਿਰ ਸੰਸਾਰ ਦੀਆਂ ਦੂਜੀਆਂ ਲਹਿਰਾਂ ਵਾਂਗ ਕੋਈ ਸੰਸਾਰੀ ਲਹਿਰ ਨਹੀਂ; ਸਗੋਂ ਨਿਰੋਲ ਈਸ਼ਵਰੀ ਲਹਿਰ ਹੈ। ਬੱਸ, ਇਹ ਈਸ਼੍ਵਰ ਦਾ ਆਪਣਾ ਕੰਮ ਹੋਣ ਕਰਕੇ:—

ਕਰਨ ਕਰਾਵਨ ਆਪੇ ਆਪ।
ਮਨਸ ਕੇ ਕਿਛ ਨਾਹੀ ਹਾਥ।

ਦੇ ਕਥਨ ਮੂਜਬ ਅਹਿਮਦੀ ਤਾਂ ਕੇਵਲ ਹਥਿਆਰ ਹਨ, ਜਿਨ੍ਹਾਂ ਨੂੰ ਈਸ਼੍ਵਰ ਨੇ ਆਪਣੀ ਤਹਿਰੀਕ ਅਹਿਮਦੀਅਤ ਨੂੰ ਸੰਸਾਰ ਵਿਚ ਕਾਇਮ ਕਰਨ ਵਾਸਤੇ, ਲੋੜ ਅਨੁਸਾਰ ਚਲਾਉਣਾ ਹੈ; ਕਿਉਂ ਜੁ ਉਸ ਨੇ ਆਪਣੇ ਪਿਆਰੇ ਮੁਰਸਲ ਹਜ਼ਰਤ ਮਿਰਜ਼ਾ ਸਾਹਿਬ ਨੂੰ ਅੱਜ ਤੋਂ ਕਈ ਸਾਲ ਪਹਿਲਾਂ ਤੋਂ ਹੀ ਸਾਫ਼ ਲਫ਼ਜ਼ਾਂ ਵਿਚ ਇਹ ਆਖ ਦਿੱਤਾ ਹੋਇਆ ਹੈ:—

"ਮੈਂ ਤੇਰੀ ਤਬਲੀਗ਼ ਕੋ ਜ਼ਮੀਨ
ਕੇ ਕਿਨਾਰੋਂ ਤਕ ਪੁਹਚਾਊਂਗਾ।"

ਅਥਵਾ—

"ਦੁਨੀਆ ਮੇਂ ਏਕ ਨਜ਼ੀਰ ਆਇਆ, ਪਰ ਦੁਨੀਆ ਨੇ ਉਸੇ ਕਬੂਲ ਨਾ ਕੀਆ, ਲੇਕਿਨ ਖ਼ੁਦਾ ਉਸੇ ਕਬੂਲ ਕਰੇਗਾ, ਔਰ ਉਸ ਕੀ ਸੱਚਾਈ ਕੋ ਬੜੇ ਜ਼ੋਰਾਵਰ ਹਮਲੋਂ ਸੇ ਸਾਬਤ ਕਰ ਦੇਗਾ।"

(ਤਜ਼ਕਰਾ)

ਅਹਿਮਦੀਅਤ ਦੀ ੫੦ ਸਾਲਾ ਤਾਰੀਖ ਭੀ ਇੱਸੇ ਗੱਲ

ਦੀ ਗਵਾਹੀ ਦੇ ਰਹੀ ਹੈ ਕਿ ਜਮਾਤ ਅਹਿਮਦੀਆ ਦਾ ਪੌਦਾ ਉਸ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਰੱਖਿਆ ਹੇਠ ਹੈ,ਜਿਸ ਨੇ ਇਸ ਸ੍ਰਿਸ਼ਟੀ ਨੂੰ ਸਾਜਿਆ ਹੈ; ਕਿਉਂ ਜੁ ਇਹਨਾਂ ੮੦ ਸਾਲਾਂ ਵਿਚ ਅਹਿਮਦੀਅਤ ਨੂੰ ਮਿਟਾਉਣ ਵਾਸਤੇ ਕਈ ਝੱਖੜ ਝੁਲਾਏ ਗਏ, ਪਰ ਹਰ ਹਮਲੇ ਬਾਦ ਅਹਿਮਦੀਅਤ ਆਪਣੇ ਅੰਦਰ ਮਜ਼ਬੂਤੀ ਹੀ ਪੈਦਾ ਕਰਦੀ ਚਲੀ ਗਈ। ਜੇ ਇਹ ਤਹਿਰੀਕ ਕਿਸੇ ਮਨੁੱਖੀ ਦਿਮਾਗ਼ ਦਾ ਨਿਚੋੜ ਹੁੰਦੀ, ਤਾਂ ਇਹਨਾਂ ਝੱਖੜਾਂ ਵਿੱਚੋਂ ਬਚ ਕੇ ਨਿਕਲਣਾ ਇਸ ਵਾਸਤੇ ਕਠਨ ਹੀ ਨਹੀਂ; ਸਗੋਂ ਅਸੰਭਵ ਸੀ।

ਅਸੀਂ ਜਦ ਆਪਣੀ ਨਜ਼ਰ ਅੱਜ ਤੋਂ ਅੱਧੀ ਸਦੀ ਪਿਛਾਂਹ ਲਿਜਾਂਦੇ ਹਾਂ, ਤਾਂ ਸਾਨੂੰ ਇਹੋ ਪਤਾ ਲਗਦਾ ਹੈ ਕਿ ਪੰਜਾਬ ਦੇ ਇਕ ਗੁਮਨਾਮ ਤੇ ਛੋਟੇ ਜੇਹੇ ਪਿੰਡ ਵਿੱਚੋਂ ਇਕ ਆਦਮੀ ਖੜਾ ਹੋ ਕੇ ਐਲਾਨ ਕਰਦਾ ਹੈ ਕਿ ਐ ਦੁਨੀਆ ਦੇ ਅਮੀਰੋ ਤੇ ਗ਼ਰੀਬੋ ਪ੍ਰਮਾਤਮਾ ਨੇ ਮੈਨੂੰ ਇਸ ਸਮੇਂ ਦਾ ਸੁਧਾਰਕ ਮੁਕਰਰ ਕੀਤਾ ਹੈ। ਉਸ ਦਾ ਇਹ ਐਲਾਨ ਕਰਨਾ ਹੀ ਸੀ ਕਿ ਸਭ ਉਸ ਦੇ ਦੁਸ਼ਮਣ ਹੋ ਗਏ ਤੇ ਉਸ ਨੂੰ ਮਿਟਾਉਣ ਦੀ ਕੋਸ਼ਿਸ਼ ਵਿਚ ਜੁਟ ਗਏ,ਪਰ ਉਸ ਨੇ ਸਾਰਿਆਂ ਨੂੰ ਇਹ ਸਲਾਹ ਦਿੱਤੀ:-

ਜੋ ਖ਼ੁਦਾ ਕਾ ਹੈ ਉਸੇ ਲਲਕਾਰਨਾ ਅੱਛਾ ਨਹੀਂ,
ਹਾਥ ਸ਼ੇਰੋਂ ਪਰ ਨਾ ਡਾਲ ਐ ਰੋਬਾ ਏ ਜ਼ਾਰੋ ਨਜ਼ਾਰ।

ਇਸ ਦੇ ਨਾਲ ਹੀ ਉਸ ਨੇ ਓਹਨਾਂ ਲੋਕਾਂ ਨੂੰ, ਜੋ ਆਪ ਨੂੰ ਝੂਠਾ ਝੂਠਾ ਕਹਿ ਕੇ ਆਪਣਾ ਦਿਲ ਖੁਸ਼ ਕਰ ਰਹੇ ਸਨ ਲਲਕਾਰਾ ਮਾਰ ਕੇ ਆਖਿਆ:-

ਵੋਹ ਖ਼ੁਦਾ ਮੇਰਾ ਜੋ ਹੈ ਜੌਹਰ ਸ਼ਨਾਸ,
ਇਕ ਜਹਾਂ ਕੋ ਲਾ ਰਹਾ ਹੈ ਮੇਰੇ ਪਾਸ।

ਲਾਨ੍ਹਤੀ ਹੋਤਾ ਹੈ ਮਰਦਿ ਮੁਫ਼ਤਰੀ,
ਲਾਨ੍ਹਤੀ ਕੋ ਕਬ ਮਿਲੇ ਯਿ ਸਰਵਰੀ।

ਅੱਜ ਅਸੀਂ ਦੇਖਦੇ ਹਾਂ ਕਿ ਦੁਨੀਆਂ ਦੇ ਵੱਡੇ ਵੱਡੇ ਮੌਲਵੀ, ਬੜੇ ਬੜੇ ਪਾਦਰੀ ਤੇ ਪੰਡਿਤ ਹਜ਼ਰਤ ਮਿਰਜ਼ਾ ਸਾਹਿਬ ਦੇ ਮਿਸ਼ਨ ਨੂੰ ਤਬਾਹ ਕਰਨ ਵਿਚ ਆਪਣਾ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ, ਪਰ ਕਾਮਯਾਬੀ ਉੱਸੇ ਹੀ ਕੱਲੇ ਰੱਬੀ ਜੀਉੜੇ ਪਾਸ ਆਈ, ਜਿਸ ਨੂੰ ਮਿਟਾਉਣ ਵਾਸਤੇ ਦੁਨੀਆ ਨੇ ਮਿਲਵਾਂ ਜ਼ੋਰ ਲਾਇਆ ਅਤੇ ਉਹ ਮੁਕਾਮ, ਜਿਸ ਨੂੰ ਪੰਜਾਬ ਦੇ ਲੋਕ ਭੀ ਚੰਗੀ ਤਰ੍ਹਾਂ ਨਹੀਂ ਜਾਣਦੇ ਸਨ, ਅੱਜ "ਜਿੱਥੇ ਜਾਇ ਬਹੇ ਮੇਰਾ ਸਤਿਗੁਰ ਸੋ ਥਾਨ ਸੁਹਾਵਾ ਰਾਮ ਰਾਜੇ ॥" ਦੇ ਕਥਨ ਮੂਜਬ ਸਾਰੇ ਸੰਸਾਰ ਤੇ ਉੱਘਾ ਹੋ ਗਿਆ ਹੈ। ਤੇ ਲੋਕ:-

ਯਾਅਤੀਕਾ ਮਿਨਕੁੱਲਿ ਫ਼ੱਜਿਨ ਅਮੀਕ।
ਵਯਾਅਤੂਨਾ ਮਿਨਕੁਲਿ ਫ਼ੱਜਿਨ ਅਮੀਕ ॥*

ਦੇ ਰੱਬੀ ਹੁਕਮ ਮੂਜਬ ਧਰਤੀ ਦੇ ਚੌਹਾਂ ਪਾਸਿਆਂ ਤੋਂ ਦੌੜੀ ਚਲੇ ਆ ਰਹੇ ਹਨ।

ਬਸ, ਅਹਿਮਦੀਅਤ ਨੂੰ ਕਾਇਮ ਕਰਨਾ ਕਿਸੇ ਮਨੁੱਖ ਦਾ ਕੰਮ ਨਹੀਂ; ਸਗੋਂ ਉਸ ਸਿਰਜਨਹਾਰ ਪ੍ਰਮਾਤਮਾ ਦਾ ਆਪਣਾ ਕੰਮ ਹੈ, ਜਿਸ ਨੇ ਇਸ ਸੰਸਾਰ ਨੂੰ ਸਾਜਿਆ ਹੈ। ਜੋ ਸੱਜਣ ਜਾਂ ਜੱਥਾ ਇਸ ਦੇ ਰਾਹ ਵਿਚ ਰੋਕ ਬਣਨ ਦੀ ਕੋਸ਼ਿਸ਼ ਕਰੇਗਾ, ਉਹ "ਅੜੇ ਸੋ ਝੜੇ" ਦੇ ਕਥਨ ਮੂਜਬ ਨਾਕਾਮ ਰਹੇਗਾ; ਕਿਉਂ ਜੁ ਈਸ਼੍ਵਰ ਨੇ ਇਸ ਦਾ ਫੈਸਲਾ-

"ਇੱਨੀ ਮੁਹੀਨੁਨ ਮਨ ਅਰਾਦੋ ਅਹਾਨੋ ਤਕੋ ॥"

---

*ਤੇਰੇ ਪਾਸ ਦੂਰ ਦੂਰ ਤੋਂ ਤੋਹਫ਼ੇ ਅਤੇ ਲੋਕ ਆਉਣਗੇ।

ਆਖ ਕੇ ਕਰ ਦਿੱਤਾ ਹੋਇਆ ਹੈ ਕਿ ਐ ਮੇਰੇ ਅਹਿਮਦ ! ਜੋ ਤੇਰੀ ਤੌਹੀਨ ਕਰਦਾ ਹੋਇਆ ਤੇਰੇ ਰਾਹ ਵਿਚ ਰੋਕ ਬਣਨ ਦੀ ਕੋਸ਼ਿਸ਼ ਕਰੇਗਾ, ਮੈਂ ਉਸ ਨੂੰ ਆਪ ਤੇਰੇ ਰਾਹ ਵਿਚੋਂ ਹਟਾ ਕੇ ਤੇਰਾ ਰਾਹ ਸਾਫ਼ ਕਰਾਂਗਾ ਅਥਵਾ ਉਸ ਦੀ ਨਾਕਾਮੀ ਤੇ ਨਾ ਮੁਰਾਦੀ ਦੇ ਸਾਮਾਨ ਉਸ ਦੇ ਮਨਸੂਬੇ ਵਿਚੋਂ ਹੀ ਪੈਦਾ ਕਰ ਦਿਆਂਗਾ। ਇਸ ਦੇ ਨਾਲ ਹੀ ਪ੍ਰਮਾਤਮਾ ਨੇ ਆਪਣੇ ਪਿਆਰੇ ਮਸੀਹਿ ਮੌਊਦ ਨੂੰ ਇਹ ਭੀ ਆਖ ਦਿੱਤਾ ਹੋਇਆ ਹੈ ਕਿ:—

"ਇੱਨੀ ਮੁਈਨਨ ਮਨ ਅਰਾਦੋ ਇਆਨਤੱਕੇ।"

ਅਰਥਾਤ—ਜੋ ਮਨੁੱਖ ਸੱਚੇ ਦਿਲ ਨਾਲ ਤੇਰੀ ਮਦਦ ਕਰਨਗੇ ਤੇ ਸਾਂਝੀ ਕੌਮੀਅਤ ਪੈਦਾ ਕਰਨ ਵਿਚ ਤੇਰਾ ਹੱਥ ਵਟਾਉਣਗੇ, ਮੈਂ ਓਹਨਾਂ ਨੂੰ ਇੱਜ਼ਤ ਦਿਆਂਗਾ, ਅਰਥਾਤ ਓਹਨਾਂ ਨੂੰ ਕੋਈ ਭੀ ਜ਼ਲੀਲ ਨਹੀਂ ਕਰ ਸਕੇਗਾ।

ਇਹ ਸੋਲਾਂ ਆਨੇ ਪੱਕੀ ਗੱਲ ਹੈ ਕਿ ਅਹਿਮਦੀਅਤ ਕੇਵਲ ਸੰਸਾਰ ਦੇ ਕਿਸੇ ਖ਼ਾਸ ਹਿੱਸੇ ਤੇ ਆਪਣੀ ਹਕੂਮਤ ਕਾਇਮ ਕਰਨ ਵਾਸਤੇ ਨਹੀਂ ਆਈ ਤੇ ਨਾ ਹੀ ਇਸ ਦੀ ਗਰਜ਼ ਕਿਸੇ ਹੋਰ ਮਾਦੀ ਚੀਜ਼ ਨੂੰ ਪ੍ਰਾਪਤ ਕਰਨਾ ਹੈ;ਸਗੋਂ ਇਹ ਸੰਸਾਰ ਤੇ ਪ੍ਰਮਾਤਮਾ ਦਾ ਉਹ ਪ੍ਰੇਮ-ਭਰਿਆ ਸੁਨੇਹਾ ਲੈ ਕੇ ਆਈ ਹੈ, ਜੋ ਆਪਣੇ ਅੰਦਰ ਦੁਨੀਆ ਦੇ ਹਰ ਹਿੱਸੇ ਤੇ ਹਰ ਜਾਤੀ ਦੀ ਸੱਚੀ ਭਲਾਈ ਰੱਖਦਾ ਹੈ। ਅਹਿਮਦੀਅਤ ਦੀ ਤਾਲੀਮ ਦਾ ਖੁਲਾਸਾ ਇਹੋ ਹੈ ਕਿ ਮੁਖਤਲਿਫ ਕੌਮਾਂ ਤੇ ਦੇਸਾਂ ਦੇ ਖਿੰਡੇ ਫੁਟੇ ਹੋਏ ਲੋਕ ਇਕ ਮੁਠ ਹੋ ਕੇ ਆਪਣੇ ਸੱਚੇ ਸਿਰਜਨਹਾਰ ਪ੍ਰਮਾਤਮਾ ਦੇ ਝੰਡੇ ਥੱਲੇ ਆ ਜਾਣ ਅਤੇ ਸਭ ਵੰਡਾਂ ਤੇ ਵੈਰ ਵਿਰੋਧ ਮਿਟਾ ਕੇ ਇਕ ਹੱਥ ਤੇ ਜਮ੍ਹਾ ਹੋ ਜਾਣ ਅਰ ਆਪਣੀ ਉਸ

ਡਿਊਟੀ ਨੂੰ,ਜੋ ਪ੍ਰਮਾਤਮਾ ਨੇ ਓਹਨਾਂ ਦੇ ਜ਼ਿੰਮੇ ਲਗਾਈ ਹੈ,ਪੂਰੀ ਤਰ੍ਹਾਂ ਅਦਾ ਕਰਦੇ ਹੋਏ ਆਪਣੇ ਦੁਰਲਭ ਜਨਮ ਸਫਲ ਕਰਨ।

ਅਹਿਮਦੀਅਤ ਕੇਵਲ ਮਾਦੀ ਮੁਲਕਾਂ ਨੂੰ ਫਤਹਿ ਨਹੀਂ ਕਰਨਾ ਚਾਹੁੰਦੀ, ਸਗੋਂ ਓਹਨਾਂ ਮੁਲਕਾਂ ਦੇ ਵਾਸੀਆਂ ਦੇ ਦਿਲਾਂ ਨੂੰ ਫਤਹਿ ਕਰਕੇ ਓਹਨਾਂ ਤੇ ਰੱਬੀ-ਰਾਜ ਕਾਇਮ ਕਰਨਾ ਚਾਹੁੰਦੀ ਹੈ; ਜਿਹਾ ਕਿ ਅਹਿਮਦੀਅਤ ਦੇ ਕਰਤਾ ਧਰਤਾ ਨੇ ਆਪਣਾ ਮਿਸ਼ਨ ਸਾਫ਼ ਤੇ ਸਪਸ਼ਟ ਲਫ਼ਜ਼ਾਂ ਵਿਚ ਦੁਨੀਆ ਦੇ ਸਾਹਮਣੇ ਪੇਸ਼ ਕਰਦਿਆਂ ਹੋਇਆਂ ਇਹ ਐਲਾਨ ਕੀਤਾ ਹੈ:—

ਮੁਝ ਕੋ ਕਿਆ ਮੁਲਕੋਂ ਸੇ ਮੇਰਾ ਮੁਲਕ ਹੈ ਸਬ ਸੇ ਜੁਦਾ,
ਮੁਝ ਕੋ ਕਿਆ ਤਾਜੋਂ ਸੇ ਮੇਰਾ ਤਾਜ ਹੈ ਰਿਜ਼ਵਾਨਿ ਯਾਰ।
ਮੁਲਕ ਸੇ ਮੁਝ ਕੋ ਨਹੀਂ ਮਤਲਬ ਨ ਜੰਗੋਂ ਸੇ ਹੈ ਕਾਮ,
ਕਾਮ ਮੇਰਾ ਹੈ ਦਿਲੋਂ ਕੋ ਫਤਹਿ ਕਰਨ ਨੇ ਦਿਆਰ।
ਹਮ ਤੋ ਬਸਤੇ ਹੈਂ ਫ਼ਲਕ ਪਰ ਇਸ ਜ਼ਿਮੀਂ ਕੋ ਕਿਆ ਕਰੇਂ,
ਆਸਮਾਂ ਕੇ ਰਹਿਨੇ ਵਾਲੋਂ ਕੋ ਜ਼ਮੀਂ ਸੇ ਕਿਆ ਨਕਾਰ।
ਮੁਲਕਿ ਰੂਹਾਨੀ ਕੀ ਸ਼ਾਹੀ ਕੀ ਨਹੀਂ ਕੋਈ ਨਜ਼ੀਰ,
ਗੋ ਬਹੁਤ ਦੁਨੀਆ ਮੇਂ ਗੁਜ਼ਰੇ ਹੈਂ ਅਮੀਰੋ ਤਾਜਦਾਰ।
ਕਾਮ ਕਿਆ ਇੱਜ਼ਤ ਸੇ ਹਮ ਕੋ ਸ਼ੋਹਰਤੋਂ ਸੇ ਕਿਆ ਗਰਜ਼,
ਗਰ ਵੋ ਜ਼ਿੱਲਤ ਸੇ ਹੋ ਰਾਜ਼ੀ ਉਸ ਪਿ ਸੌ ਇੱਜ਼ਤ ਨਿਸਾਰ।

ਬਸ, ਸ੍ਰੀ ਨਿਹਕਲੰਕ ਕ੍ਰਿਸ਼ਨ-ਕਾਦੀਆਨੀ ਹਜ਼ਰਤ ਮਿਰਜ਼ਾ ਸਾਹਿਬ ਜੀ ਮਹਾਰਾਜ ਦੇ ਉਕਤ ਸ਼ੁਭ-ਬਚਨ ਕਿਸੇ ਟੀਕਾ ਟਿਪਣੀ ਦੇ ਮੁਥਾਜ ਨਹੀਂ ਹਨ, ਇਹਨਾਂ ਵਿਚ ਆਪ ਨੇ ਆਪਣੇ ਮਿਸ਼ਨ ਦਾ ਖੁਲਾਸਾ ਦੱਸ ਦਿੱਤਾ ਹੈ। ਇਹਦੇ

ਨਾਲ ਹੀ ਆਪ ਨੇ ਆਪਣੀ ਪਿਆਰੀ ਜਮਾਤ ਨੂੰ ਜੋ ਅੰਤਮ ਉਪਦੇਸ਼ ਦਿੱਤਾ, ਉਸ ਵਿਚ ਭੀ ਸਾਂਝੀ ਕੌਮੀਅਤ ਪੈਦਾ ਕਰਨ ਵਾਲੀ ਗੱਲ ਨੂੰ ਦੁਹਰਾਉਂਦਿਆਂ ਹੋਇਆਂ ਰੱਬੀ ਪ੍ਰੋਗਰਾਮ ਪੇਸ਼ ਕੀਤਾ ਹੈ; ਜਿਹਾ ਕਿ ਆਪ ਫਰਮਾਉਂਦੇ ਹਨ:—

> "ਖ਼ੁਦਾ ਤਆਲਾ ਚਾਹਤਾ ਹੈ ਕਿ ਉਨ ਤਮਾਮ ਰੂਹੋਂ ਕੋ ਜੋ ਜ਼ਮੀਨ ਕੀ ਮੁਤਫੱਰਿਕ ਅਬਾਦੀਓਂ ਮੇਂ ਆਬਾਦ ਹੈਂ, ਕਿਆ ਯੋਰਪ ਔਰ ਕਿਆ ਏਸ਼ੀਆ ਉਨ ਸਭ ਕੋ ਜੋ ਨੇਕ ਫ਼ਿਤਰਤ ਰਖਤੇ ਹੈਂ ਤੌਹੀਦ ਕੀ ਤਰਫ਼ ਖੈਂਚੇ ਔਰ ਅਪਨੇ ਬੰਦੋਂ ਕੋ "ਦੀਨਿ ਵਾਹਿਦ" ਪਰ ਜਮ੍ਹਾ ਕਰੇ। ਯਿਹੀ ਖ਼ੁਦਾ ਤਆਲਾ ਕਾ ਮਕਸਦ ਹੈ, ਜਿਸ ਕੇ ਲੀਏ ਮੈਂ ਭੇਜਾ ਗਿਆ। ਸੋ ਤੁਮ ਇਸ ਮਕਸਦ ਕੀ ਪੈਰਵੀ ਕਰੋ, ਮਗਰ ਨਰਮੀ, ਇਖ਼ਲਾਕ ਵ ਦੁਆਓਂ ਪਰ ਜ਼ੋਰ ਦੇਨੇ ਸੇ, ਔਰ ਜਬ ਤਕ ਕੋਈ ਖ਼ੁਦਾ ਸੇ ਰੂਹੁੱਲ ਕੁੱਦਸ ਪਾ ਕਰ ਖੜਾ ਨਾ ਹੋ, ਸਬ ਮੇਰੇ ਬਾਦ ਮਿਲ ਕਰ ਕਾਮ ਕਰੋ।"

ਸ੍ਰੀ ਨਿਹਕਲੰਕ ਕ੍ਰਿਸ਼ਨ-ਕਾਦੀਆਨੀ ਜੀ ਮਹਾਰਾਜ ਨੇ ਇਸ ਥਾਂ ਆਪਣੀ ਜਮਾਤ ਨੂੰ, ਮੁਖ਼ਤਲਿਫ ਦੇਸਾਂ ਵਿਚ ਵਸਣ ਵਾਲੇ ਭਿੰਨ ਭਿੰਨ ਖਿਆਲਾਂ ਦੇ ਲੋਕਾਂ ਨੂੰ ਦੀਨਿ-ਵਾਹਿਦ (ਸਾਂਝੀ ਕੌਮੀਅਤ) ਦੀ ਲੜੀ ਵਿਚ ਪ੍ਰੋਣ ਦਾ ਉਪਦੇਸ਼ ਕੇਹੇ ਸੋਹਣੇ ਲਫਜ਼ਾਂ ਵਿਚ ਦਿੱਤਾ ਹੈ। ਇਸ ਦੇ ਨਾਲ ਹੀ ਇਸ ਕੌਮੀਅਤ ਨੂੰ ਕਾਇਮ ਕਰਨ ਵਾਸਤੇ ਜੋ ਸਾਧਨ ਵਰਤਣ ਦੀ ਸਿੱਖਿਆ

ਦਿੱਤੀ ਹੈ, ਉਹ ਭੀ ਨਿਰਾਲੇ ਤੇ ਰੂਹਾਨੀਅਤ ਦੇ ਪੂਰ ਹਨ।

ਇਹ ਇਕ ਹਕੀਕਤ ਹੈ, ਜਿਸ ਨੂੰ ਪਰਗਟ ਕਰਨੋਂ ਅਸੀਂ ਨਹੀਂ ਰੁਕ ਸਕਦੇ ਕਿ ਦੁਨੀਆਂ ਵਿਚ ਸਾਂਝੀ ਕੌਮੀਅਤ ਅਥਵਾ ਸੱਚੀ ਇਕ-ਮਈ ਪੈਦਾ ਕਰਨ ਦੀ ਸਮਰਥਾ ਤੇ ਤਾਲੀਮ ਦਰਅਸਲ ਅਹਿਮਦੀਅਤ ਵਿਚ ਹੀ ਹੈ; ਕਿਉਂ ਜੁ ਅੱਜ ਦੁਨੀਆ ਦੇ ਕਿਸੇ ਹਿੱਸੇ ਵਿਚ ਭੀ ਕੋਈ ਅਜਿਹਾ ਮਜ਼ਹਬ ਨਹੀਂ ਮਿਲਦਾ, ਜਿਸ ਦੀ ਸਿੱਖਿਆ ਇਹ ਹੋਵੇ ਕਿ ਹਰ ਕੌਮ ਦੇ ਬਜ਼ੁਰਗ ਨੂੰ ਮਜ਼ੁਬੀ ਤੌਰ ਤੇ ਆਪਣਾ ਬਜ਼ੁਰਗ ਸਮਝਦੇ ਹੋਏ ਉਸ ਦਾ ਉਸੇ ਤਰ੍ਹਾਂ ਸਤਿਕਾਰ ਕਰੋ, ਜਿਸ ਤਰ੍ਹਾਂ ਕਿਸੇ ਆਪਣੇ ਪਿਆਰੇ ਬਜ਼ੁਰਗ ਦਾ ਕਰਦੇ ਹੋ।

ਬਸ, ਮੁਬਾਰਕ ਨੇ ਉਹ ਸੱਜਣ, ਜੋ ਈਸ਼੍ਵਰ ਪਿਆਰੇ ਸ੍ਰੀ ਨਿਹਕਲੰਕ ਕ੍ਰਿਸ਼ਨ-ਕਾਦੀਆਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਜੀ ਮਹਾਰਾਜ ਦੀ ਇਸ ਸ਼ੁਭ-ਸਿੱਖਿਆ ਤੇ ਅਮਲ਼ ਕਰਨ ਵਾਸਤੇ ਆਪਣੇ ਆਪ ਨੂੰ ਤਿਆਰ ਕਰਨ ਤੇ ਜਮਾਤ ਅਹਿਮਦੀਆ ਵਿਚ ਭਰਤੀ ਹੋ ਕੇ, ਅਥਵਾ ਰੱਬੀ ਹਥਿਆਰ ਬਣ ਕੇ ਕ੍ਰਿਸ਼ਨ-ਕਾਦੀਆਨੀ ਦੇ ਸਿਪਾਹੀਆਂ ਦਾ, ਸਾਂਝੀ ਕੌਮੀਅਤ ਪੈਦਾ ਕਰਨ ਵਿਚ, ਹੱਥ ਵਟਾਉਣ ਤੇ ਆਪਣਾ ਜਨਮ ਸਫਲ ਕਰਨ।

ਹੁਣ ਅਸੀਂ ਆਪ ਦੀ ਸੇਵਾ ਵਿਚ ਹਜ਼ਰਤ ਮਿਰਜ਼ਾ ਸਾਹਿਬ ਦਾ ਉਹ 'ਮਿਲਾਪ-ਸੰਦੇਸ਼' ਪੇਸ਼ ਕਰਦੇ ਹਾਂ, ਜੋ ਹਜ਼ੂਰ ਨੇ ਆਪਣੀ ਆਯੂ ਦੇ ਅੰਤਲੇ ਦਿਨਾਂ ਵਿਚ, ਹਿੰਦੁਸਤਾਨ ਦੀ ਸੱਚੀ ਭਲਾਈ ਨੂੰ ਮੁਖ ਰਖਦਿਆਂ ਹੋਇਆਂ ਆਪਣੇ ਪਿਆਰੇ ਦੇਸ-ਵਾਸੀ ਭਰਾਵਾਂ ਨੂੰ ਦਿੱਤਾ। ਇਸ ਸੁਨੇਹੇ ਵਿਚ ਕੀ ਹੈ?

ਇਹ ਤਾਂ ਆਪ ਨੂੰ ਪੜ੍ਹਿਆਂ ਹੀ ਪਤਾ ਲੱਗੇਗਾ, ਪਰ ਅਸੀਂ ਇੱਥੇ ਇਹ ਆਖ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਜੇ ਸਾਡੇ ਦੇਸ-ਵਾਸੀ ਭਰਾ ਹਜ਼ਰਤ ਮਿਰਜ਼ਾ ਸਾਹਿਬ ਦੇ ਇਸ 'ਮਿਲਾਪ-ਸੰਦੇਸ਼' ਨੂੰ, ਜੋ ਆਪ ਨੇ ਪ੍ਰਲੋਕ ਗਮਨ ਕਰਦਿਆਂ ਹੋਇਆਂ ਆਪਣੇ ਸਮੂੰਹ ਹਿੰਦ-ਵਾਸੀ ਭਰਾਵਾਂ ਨੂੰ ਦਿੱਤਾ, ਪੜ੍ਹ ਕੇ ਇਸ ਤੇ ਵਰਤੋਂ ਕਰਨ ਵਾਸਤੇ ਆਪਣੇ ਆਪ ਨੂੰ ਤੇ ਆਪਣੇ ਦੂਜੇ ਭਰਾਵਾਂ ਨੂੰ ਤਿਆਰ ਕਰਨ, ਤਾਂ ਸਾਡਾ ਉਹ ਗਰੀਬ ਦੇਸ-ਜਿਥੇ ਕਿ ਆਏ ਦਿਨ ਕੋਈ ਨਾ ਕੋਈ ਮਜ਼ਹਬੀ ਬਖੇੜਾ ਪਿਆ ਹੀ ਰਹਿੰਦਾ ਹੈ, ਸਾਰੇ ਝਗੜੇ-ਬਖੇੜੇ ਭੁਲਾ ਕੇ ਇਕ ਧਨਾਢ ਦੇਸ ਬਣ ਸਕਦਾ ਹੈ।

ਇਸ 'ਮਿਲਾਪ-ਸੰਦੇਸ਼' ਵਿਚ, ਆਪ ਨੇ ਜੋ ਅਸੂਲ ਪੇਸ਼ ਕੀਤੇ ਹਨ, ਉਹ ਅਜਿਹੇ ਨਹੀਂ ਹਨ ਕਿ ਜਿਨ੍ਹਾਂ ਨੂੰ ਅੱਖੋਂ ਉਹਲੇ ਕੀਤਾ ਜਾ ਸਕੇ; ਸਗੋਂ ਇਹ ਸੱਚੀ ਏਕਤਾ ਕਾਇਮ ਕਰਨ ਦੇ ਸੁਨਹਿਰੀ ਅਸੂਲ ਹਨ, ਅਥਵਾ ਇਹਨਾਂ ਤੋਂ ਬਿਨਾਂ ਅਸੀਂ ਆਪਣੇ ਦੇਸ ਵਿਚ ਸਾਂਝੀ ਕੌਮੀਅਤ ਪੈਦਾ ਕਰਨ ਵਿਚ ਕਾਮਯਾਬ ਨਹੀਂ ਹੋ ਸਕਦੇ। ਇਹ ਇਕ ਪੱਕੀ ਗਲ ਹੈ ਕਿ ਜਦ ਤਕ ਸਾਡੇ ਹਿੰਦ-ਵਾਸੀਆਂ ਦੇ ਆਪਸ ਵਿਚ ਦਿਲ ਇਕ ਨਹੀਂ ਹੁੰਦੇ, ਤਦ ਤਕ ਅਸੀਂ 'ਸਾਂਝੀ-ਕੌਮ' ਨਹੀਂ ਬਣ ਸਕਦੇ ਤੇ ਸਾਡੇ ਦਿਲ ਤਦ ਤਕ ਇਕ ਨਹੀਂ ਹੋ ਸਕਦੇ, ਜਦ ਤਕ ਅਸੀਂ ਇਕ ਦੂਜੇ ਦੇ ਸੁਹਿਰਦ ਬਜ਼ੁਰਗ ਨੂੰ ਸਤਿਕਾਰਨਾ ਨਹੀਂ ਸਿੱਖਦੇ।

ਅਸੀਂ ਆਸ ਰਖਦੇ ਹਾਂ ਕਿ ਸਾਡੇ ਉਹ ਦੇਸ ਵਾਸੀ ਭਰਾ, ਜੋ ਹਿੰਦੁਸਤਾਨ ਵਿਚ ਵੱਸਣ ਵਾਲੇ ਭਿੰਨ ਭਿੰਨ ਮਤਾਂ ਤੇ ਅੱਡ ਅੱਡ ਖਿਆਲਾਂ ਦੇ ਲੋਕਾਂ ਨੂੰ ਦੂਜੇ ਦੇਸਾਂ ਵਾਂਗ ਇਕ ਸਾਂਝੀ ਕੌਮ ਦੀ ਸ਼ਕਲ ਵਿਚ ਵੇਖਣ ਦੇ ਚਾਹਵਾਨ ਹਨ, ਸ੍ਰੀ ਮਿਰਜ਼ਾ

ਸਾਹਿਬ ਜੀ ਦੇ ਇਸ 'ਮਿਲਾਪ-ਸੰਦੇਸ਼' ਨੂੰ ਪੂਰੇ ਧਿਆਨ ਨਾਲ ਪੜ੍ਹਦੇ ਹੋਏ ਠੰਡੇ ਦਿਲ ਨਾਲ ਵਿਚਾਰਨਗੇ ਅਤੇ ਇਸ ਪੁਰ ਆਪ ਭੀ ਤੇ ਆਪਣੇ ਦੂਜੇ ਭਰਾਵਾਂ ਨੂੰ ਵੀ ਅਮਲ ਕਰਨ ਲਈ ਪ੍ਰੇਰਨਗੇ, ਤਾਂ ਜੁ ਸਾਡਾ ਗਰੀਬ ਦੇਸ ਹਰ ਕਿਸਮ ਦੇ ਮਜ਼ਹਬੀ ਝਗੜਿਆਂ ਤੇ ਪਾਟੋਧਾੜ ਦੇ ਬਖੇੜਿਆਂ ਤੋਂ ਉਚੇਰਾ ਹੋ ਕੇ ਉੱਨਤੀ ਹਾਸਲ ਕਰ ਸਕੇ ਤੇ ਅਸੀਂ ਵੀ ਦੂਜੇ ਉਨਤ ਦੇਸਾਂ ਵਾਂਗ ਆਪਣੇ ਦੇਸ ਵਿਚ ਸਾਂਝੀ ਕੌਮੀਅਤ ਪੈਦਾ ਕਰ ਕੇ ਅੱਗੇ ਵਧ ਸਕੀਏ।

ਹਜ਼ਰਤ ਮਿਰਜ਼ਾ ਸਾਹਿਬ ਦਾ ਇਹ ਮਿਲਾਪ-ਸੰਦੇਸ਼ ਅਸਲ ਵਿਚ 'ਪੈਗ਼ਾਮਿ-ਸੁਲਾਹ' ਹੈ, ਜੋ ਉਰਦੂ ਵਿਚ ਹੈ; ਚੂੰਕਿ ਇਸ ਦਾ ਸੰਬੰਧ ਸਾਡੇ ਸਮੂੰਹ ਹਿੰਦ-ਵਾਸੀ ਭਰਾਵਾਂ ਨਾਲ ਸੀ, ਇਸ ਵਾਸਤੇ ਇਹ ਉਸ ਦਾ ਗੁਰਮੁਖੀ ਉਲਥਾ ਹੈ, ਜੋ ਗੁਰਮੁਖੀ ਪੜ੍ਹੇ ਲਿਖੇ ਸੱਜਣਾਂ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ੨੧ ਜੂਨ ੧੯੦੮ ਨੂੰ ਸ੍ਰੀ ਪ੍ਰਤੂਲ ਚੰਦ੍ਰ ਚੈਟਰ ਜੀ, ਜੱਜ ਚੀਫ਼ ਕੋਰਟ ਪੰਜਾਬ ਦੀ ਪ੍ਰਧਾਨਗੀ ਹੇਠ ਬ੍ਰੈਡਲਾ ਹਾਲ ਲਾਹੌਰ ਵਿਚ ਹੋਏ ਜਲਸੇ ਵਿਚ ਸ੍ਰੀ ਮਿਰਜ਼ਾ ਸਾਹਿਬ ਦੇ ਚੇਲੇ ਖ਼੍ਵਾਜਾ ਕਮਾਲ ਦੀਨ ਸਾਹਿਬ ਨੇ ਪੜ੍ਹ ਕੇ ਸੁਣਾਇਆ ਸੀ।

ਅੰਤ ਵਿਚ ਮੈਂ ਇਹ ਬੇਨਤੀ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਜੇ ਕਿਸੇ ਭਰਾ ਨੂੰ ਇਸ ਉਲਥੇ ਵਿਚ ਕੋਈ ਭੁਲ-ਚੁਕ ਨਜ਼ਰ ਆਵੇ, ਤਾਂ ਉਹ ਅਸਲ ਕਿਤਾਬ ਨੂੰ ਦੇਖ ਕੇ ਆਪਣਾ ਸ਼ੰਕਾ ਨਵਿਰਤ ਕਰ ਲਵੇ। ਉਹ ਭੁਲ-ਚੁਕ ਦਾਸ (ਉਲਥਾਕਾਰ) ਦੀ ਹੋਵੇਗੀ, ਅਸਲ ਕਿਤਾਬ ਵਲ ਉਸ ਨੂੰ ਮਨਸੂਬ ਕਰਨਾ ਯੋਗ ਨਹੀਂ ਹੋਵੇਗਾ।

ਫ਼ਰਵਰੀ ੧੯੩੮] ਦਾਸ—ਅਬਾਦਉੱਲਾ ਗਿਆਨੀ

# ਮਿਲਾਪ-ਸੰਦੇਸ਼

## ਅਰਦਾਸ !

ਹੇ ਰੱਬਾ ! ਅਰਦਾਸ ਅਸਾਡੀ,
ਸਿੱਧਾ ਰਸਤਾ ਪਾ ਲਈਏ !
ਦਿਲ ਤੋਂ ਦੂਰ ਤਅੱਸੁਬ ਕਰ ਕੇ,
ਵਿਛੜੇ ਵੀਰ ਮਿਲਾ ਲਈਏ !
ਏਕ ਪਿਤਾ ਤੇ ਬਾਰਿਕ ਇਕ ਦੇ,
ਇੱਕੋ ਲੜੀ ਬਣਾ ਲਈਏ !
'ਹਿੰਦੂ-ਮੁਸਲਿਮ' ਕੱਠੇ ਹੋ ਕੇ,
'ਮਕਸਦ' ਆਪਣਾ ਪਾ ਲਈਏ !

# 'ਮਿਲਾਪ-ਸੰਦੇਸ਼'

ਪਿਆਰੇ ਸੱਜਣੋ !

ਅਸੀਂ ਸਭ ਮਨੁੱਖ, ਕੀ ਹਿੰਦੂ ਤੇ ਕੀ ਮੁਸਲਮਾਨ ਹਜ਼ਾਰਾਂ ਮਤ-ਭੇਦਾਂ ਦੇ ਹੁੰਦਿਆਂ, ਉਸ ਈਸ਼੍ਵਰ ਨੂੰ—ਜੋ ਅਖਲ ਭਵਨ ਦਾ ਸਿਰਜਨਹਾਰ ਹੈ—ਮੰਨਣ ਵਿਚ ਸਹਿਮਤ ਹਾਂ;ਸਾਡੇ ਨਾਂ ਆਪਣੇ ਅੰਦਰ ਸਾਂਝ ਰਖਦੇ ਹਨ,ਅਥਵਾ ਅਸੀਂ ਸਾਰੇ ਹੀ ਮਨੁੱਖ ਕਹਾਉਂਦੇ ਹਾਂ। ਇਸੇ ਤਰ੍ਹਾਂ ਇੱਕੋ ਦੇਸ ਵਿਚ ਰਹਿਣ ਸਦਕਾ ਇਕ ਦੂਜੇ ਦੇ ਗਵਾਂਢੀ ਵੀ ਹਾਂ; ਇਸ ਲਈ ਸਾਡਾ ਫਰਜ਼ ਹੈ ਕਿ ਅਸੀਂ ਦਿਲਾਂ ਵਿਚੋਂ ਮੇਰ-ਤੇਰ ਦੀ ਮੈਲ ਕਢ ਕੇ ਆਪਸ ਵਿਚ ਸੱਚੀ ਮਿੱਤਰਤਾ ਕਾਇਮ ਕਰੀਏ ਅਤੇ ਆਰਥਕ ਤੇ ਪ੍ਰਮਾਰਥਕ ਔਕੜਾਂ ਵਿਚ ਇਕ ਦੂਜੇ ਦੇ ਕੰਮ ਆਈਏ ਅਰਥਾਤ ਅਜਿਹੀ ਹਮਦਰਦੀ ਕਰੀਏ ਕਿ ਇਕ ਦੂਜੇ ਦੇ ਅੰਗ ਬਣ ਜਾਈਏ।

**ਮਨੁੱਖਾ ਹਮਦਰਦੀ !** ਮੇਰੇ ਦੇਸ ਵਾਸੀ ਭਰਾਓ ! ਉਹ ਮਜ਼੍ਹਬ, ਮਜ਼੍ਹਬ ਨਹੀਂ, ਜਿਸ ਵਿਚ ਆਮ ਹਮਦਰਦੀ ਦੀ ਸਿੱਖਿਆ ਨਹੀਂ; ਨਾ ਉਹ ਮਨੁੱਖ ਹੀ ਮਨੁੱਖ ਕਹਾਉਣ ਦਾ ਹੱਕਦਾਰ ਹੈ,ਜਿਸਦੇ ਦਿਲ ਵਿਚ ਹਮਦਰਦੀ ਦੀ ਚਿਣੰਗ ਨਹੀਂ। ਸਾਡੇ ਈਸ਼੍ਵਰ ਨੇ ਕਿਸੇ ਜਾਤੀ ਨਾਲ ਵਿਤਕਰਾ ਨਹੀਂ ਕੀਤਾ। ਮਿਸਾਲ ਲਈ ਦੇਖੋ, ਉਸ ਨੇ ਜੋ ਜੋ ਮਨੁੱਖੀ ਤਾਕਤਾਂ ਆਰੀਆ ਵਰਤ ਦੀਆਂ ਪੁਰਾਤਨ ਕੌਮਾਂ ਨੂੰ ਦਿੱਤੀਆਂ, ਉਹੋ ਹੀ ਅਰਬੀ, ਫ਼ਰਾਂਸੀਸੀ, ਸ਼ਾਮੀ, ਚੀਨੀ, ਜਾਪਾਨੀ

ਅਥਵਾ ਯੂਰਪ ਤੇ ਅਮਰੀਕਾ ਆਦਿ ਦੀਆਂ ਕੌਮਾਂ ਨੂੰ,ਬਿਨਾਂ ਕਿਸੇ ਵਿਤਕਰੇ ਦੇ ਪ੍ਰਦਾਨ ਕੀਤੀਆਂ; ਈਸ਼ਵਰ ਦੀ ਰਚੀ ਧਰਤੀ ਸਾਰਿਆਂ ਨੂੰ ਫਰਸ਼ ਦਾ ਕੰਮ ਦੇਂਦੀ ਹੈ; ਉਸ ਦੇ ਬਣਾਏ ਸੂਰਜ, ਚੰਦ ਤੇ ਅਨੇਕਾਂ ਤਾਰੇ ਸਭਨਾਂ ਨੂੰ ਰੌਸ਼ਨ ਦੀਵੇ ਦਾ ਕੰਮ ਦੇਂਦੇ ਹਨ; ਉਸ ਦੀ ਪੈਦਾ ਕੀਤੀ ਹਵਾ, ਅੱਗ, ਪਾਣੀ ਤੇ ਮਿੱਟੀ ਸਭ ਲਈ ਸਾਂਝੀ ਹੈ; ਉਸ ਦੀਆਂ ਰਚੀਆਂ ਸਭ ਵਸਤਾਂ, ਅੰਨ-ਦਾਣਾ, ਮੇਵੇ ਤੇ ਜੜ੍ਹੀਆਂ ਬੂਟੀਆਂ ਸਰਬ ਜਾਤੀਆਂ ਨੂੰ ਇਕ ਸਮਾਨ ਲਾਭ ਪੁਚਾ ਰਹੀਆਂ ਹਨ। ਬਸ, ਇਹ ਗੱਲਾਂ ਸਾਨੂੰ ਉਪਦੇਸ਼ ਦਿੰਦੀਆਂ ਹਨ ਕਿ ਅਸੀਂ ਆਪਣੇ ਸਾਰੇ ਮਤ-ਭੇਦਾਂ ਨੂੰ ਲਾਂਭੇ ਰਖ ਕੇ ਮਨੁੱਖ-ਜਾਤੀ ਨਾਲ ਪ੍ਰੇਮ-ਭਰਿਆ ਵਰਤਾਓ ਕਰੀਏ; ਹਰ ਦੁਖੀਏ ਦਾ ਦਰਦ ਵੰਡਾਈਏ; ਅਥਵਾ ਮਜ਼ਹਬੀ ਤਅੱਸੁਬ ਦੇ ਅਸਰ ਹੇਠ ਆ ਕੇ ਤੰਗ ਦਿਲ ਨਾ ਬਣੀਏ।

ਮਿੱਤਰੋ ! ਇਸ ਗੱਲ ਵਿਚ ਰਤਾ ਭੀ ਸ਼ੱਕ ਨਾ ਸਮਝੋ ਕਿ ਸਾਡੇ ਵਿਚੋਂ ਜਿਹੜੀ ਕੌਮ ਇਸ ਈਸ਼ਵਰੀ ਸੁਭਾਉ ਦੀ ਇੱਜ਼ਤ ਨਹੀਂ ਕਰੇਗੀ,ਅਰ ਉਸ ਦੇ ਪਵਿਤਰ ਸੁਭਾਉ ਦੇ ਉਲਟ ਆਪਣੀ ਰਹਿਣੀ-ਬਹਿਣੀ ਰਖੇਗੀ,ਉਹ ਛੇਤੀ ਹੀ ਮਿਟ ਜਾਵੇਗੀ ਅਤੇ ਨਾ ਕੇਵਲ ਆਪ ਹੀ ਤਬਾਹ ਹੋਵੇਗੀ; ਸਗੋਂ ਆਪਣੇ ਸਰਬੰਸ ਨੂੰ ਭੀ ਤਬਾਹੀ ਵਿਚ ਪਾਵੇਗੀ । ਜਦ ਤੋਂ ਸ੍ਰਿਸ਼ਟੀ ਰਚੀ ਗਈ ਹੈ, ਸਭ ਦੇਸਾਂ ਦੇ ਮਹਾਤਮਾ ਇਹ ਉਪਦੇਸ਼ ਦੇਂਦੇ ਆਏ ਹਨ ਕਿ ਈਸ਼ਵਰੀ ਸੁਭਾਉ ਦੀ ਪੈਰਵੀ ਕਰਨੀ, ਮਨੁੱਖਾ ਜਨਮ ਸਫਲਾ ਕਰਨ ਲਈ ਸ੍ਵਾਂਤ ਬੂੰਦ ਹੈ; ਕਿਉਂ ਜੁ ਮਨੁੱਖ-ਜਾਤੀ ਦਾ ਸਰੀਰਕ ਤੇ ਆਤਮਕ ਜੀਵਨ ਸਰਬ ਪਵਿੱਤਰ ਆਚਰਨਾਂ ਨਾਲ ਹੀ ਸੰਬੰਧਤ ਹੈ ।

**ਈਸ਼ਵਰ ਸਭ ਦਾ ਸਾਂਝਾ ਹੈ**

ਈਸ਼ਵਰ ਨੇ ਆਪਣੀ ਪਵਿਤਰ ਕਿਤਾਬ (ਕੁਰਾਨ) ਨੂੰ ਪਹਿਲਾਂ ਇਸੇ ਹੀ ਆਇਤ ਤੋਂ ਸ਼ੁਰੂ ਕੀਤਾ ਹੈ, ਜੋ ਸੂਰਾ ਫ਼ਾਤਿਹਾ ਵਿਚ ਹੈ; ਕਿ— ਅੱਲਹੱਮਦੁਲਿੱਲਾਹਿ ਰੱਬਿਲ ਆਲਮੀਨ

ਅਰਥਾਤ ਸਰਬ ਪਵਿੱਤ੍ਰ ਤੇ ਮੁਕੰਮਲ ਸਿਫ਼ਤਾਂ ਦਾ ਮਾਲਕ ਈਸ਼ਵਰ ਹੀ ਹੈ, ਜੋ **ਅਖਲ ਭਵਨ** ਦਾ ਪਾਲਣਹਾਰ ਹੈ। ਅਖਲ ਭਵਨ ਦੇ ਲਫ਼ਜ਼ ਵਿਚ ਸਭ ਅੱਡੋ ਅੱਡਰੀਆਂ ਕੌਮਾਂ, ਵੱਖੋ ਵਖਰੇ ਜ਼ਮਾਨੇ, ਅਰ ਸਾਰੇ ਹੀ ਦੇਸ਼-ਬਿਦੇਸ਼ ਸ਼ਾਮਲ ਹਨ। ਕੁਰਾਨ ਸ਼ਰੀਫ ਦਾ ਇਸ ਆਇਤ ਤੋਂ ਸ਼ੁਰੂ ਹੋਣਾ ਓਹਨਾਂ ਲੋਕਾਂ ਦਾ ਜ਼ੋਰਦਾਰ ਖੰਡਨ ਹੈ ਜੋ ਈਸ਼ਵਰ ਤੇ ਉਸ ਦੀ ਦਇਆ ਨੂੰ ਆਪਣੀ ਹੀ ਕੌਮ ਦੀ ਹੱਦ-ਬੰਦੀ ਵਿਚ ਕੈਦ ਕਰਦੇ ਹਨ ਅਤੇ ਦੂਜੀਆਂ ਕੌਮਾਂ ਨੂੰ ਅਜਿਹਾ ਖਿਆਲ ਕਰਦੇ ਹਨ ਕਿ ਜਿਵੇਂ ਉਹ ਸਿਰਜਨਹਾਰ ਦੀਆਂ ਰਚੀਆਂ ਹੋਈਆਂ ਹੀ ਨਹੀਂ, ਅਥਵਾ ਕਰਤਾ ਪੁਰਖ ਨੇ ਓਹਨਾਂ ਨੂੰ ਰਚ ਕੇ ਰੱਦੀ ਵਾਂਗ ਸੁਟ ਦਿੱਤਾ ਹੋਇਆ ਹੈ, ਜਾਂ ਓਹਨਾਂ ਨੂੰ ਭੁਲ ਗਿਆ ਹੋਇਆ ਹੈ; ਜਿਹਾ ਕਿ ਯਹੂਦੀ ਅਰ ਈਸਾਈ ਭਰਾਵਾਂ ਦਾ ਹੁਣ ਤਕ ਇਹੋ ਖਿਆਲ ਹੈ ਕਿ ਜਿੰਨੇ ਭੀ ਨਬੀ ਤੇ ਰਸੂਲ ਅਥਵਾ ਅਵਤਾਰ ਆਏ, ਉਹ ਕੇਵਲ ਯਹੂਦੀ ਘਰਾਣੇ ਵਿਚ ਹੀ ਆਏ ਹਨ; ਈਸ਼ਵਰ ਦੂਜੀਆਂ ਕੌਮਾਂ ਤੇ ਕੁਝ ਅਜਿਹਾ ਗੁਸੇ ਰਿਹਾ ਕਿ ਉਸ ਨੇ ਓਹਨਾਂ ਨੂੰ ਕੁਰਾਹੇ ਪਿਆਂ ਤਕ ਕੇ ਭੀ ਓਹਨਾਂ ਦੇ ਸੁਧਾਰ ਦਾ ਕੋਈ ਪ੍ਰਬੰਧ ਨਾ ਕੀਤਾ। ਅੰਜੀਲ ਵਿਚ ਯਸੂਅ ਜੀ ਦਾ ਕਥਨ ਦਰਜ ਹੈ ਕਿ:—

**'ਮੈਂ ਕੇਵਲ ਬਨੀ ਇਸ੍ਰਾਈਲੀ ਭੇਡਾਂ ਲਈ ਆਇਆ ਹਾਂ'**

ਇੱਥੇ ਅਸੀਂ ਇਕ ਗੱਲ ਆਖਣੀ ਯੋਗ ਸਮਝਦੇ ਹਾਂ ਕਿ "ਯਸੂਅ" ਨੇ ਈਸ਼੍ਵਰ ਹੋਣ ਦਾ ਦਾਵਾ ਕਰ ਕੇ ਫੇਰ ਅਜਿਹੀ ਤੰਗ-ਦਿਲੀ ਦੇ ਰਾਗ ਅਲਾਪੇ ਹਨ; ਕਿੱਡੀ ਹੈਰਾਨੀਗੀ ਦੀ ਗੱਲ ਹੈ। ਕੀ ਯਸੂਅ ਕੇਵਲ ਇਸ੍ਰਾਈਲੀਆਂ ਦਾ ਹੀ ਰੱਬ ਸੀ ? ਜੋ ਅਜਿਹੇ ਵਾਕ ਉਚਾਰੇ ਹਨ ਕਿ ਮੈਨੂੰ ਦੂਜੀਆਂ ਵਿਗੜ ਚੁਕੀਆਂ ਜਾਤੀਆਂ ਦੇ ਸੁਧਾਰ ਦੀ ਲੋੜ ਨਹੀਂ।

**ਅਕਾਸ਼ ਬਾਣੀ ਅਤੇ ਅਵਤਾਰ**

ਸਾਡੇ ਯਹੂਦੀ ਤੇ ਈਸਾਈ ਭਰਾਵਾਂ ਦਾ ਇਹ ਮਤ ਹੈ ਕਿ ਈਸ਼੍ਵਰ ਦੇ ਸਭ ਅਵਤਾਰ ਓਹਨਾਂ ਦੇ ਘਰਾਣਿਆਂ ਵਿਚ ਹੀ ਪਰਗਟ ਹੋਏ; ਅਥਵਾ ਓਹਨਾਂ ਦੇ ਘਰਾਣਿਆਂ ਵਿਚ ਹੀ ਈਸ਼੍ਵਰੀ ਕਿਤਾਬਾਂ ਉਤਰੀਆਂ। ਈਸਾਈਆਂ ਦੇ ਨਿਸਚੇ ਅਨੁਸਾਰ ਯਸੂਅ ਤੋਂ ਪਿੱਛੋਂ ਅਕਾਸ਼ ਬਾਣੀ (ਇਲਹਾਮ) ਦਾ ਸਿਲਸਿਲਾ ਸਮਾਪਤ ਹੋ ਗਿਆ, ਅਰਥਾਤ ਉਸ ਤੇ ਮੋਹਰ ਲਗ ਗਈ।

ਇਹੋ ਖਿਆਲ ਸਾਡੇ ਆਰੀਆ ਮਿੱਤਰਾਂ ਦਾ ਹੈ; ਜਿਵੇਂ ਯਹੂਦੀ ਤੇ ਈਸਾਈ ਅਵਤਾਰ ਤੇ ਅਕਾਸ਼ ਬਾਣੀ ਨੂੰ ਇਸ੍ਰਾਈਲੀ ਘਰਾਣੇ ਤਕ ਹੀ ਮਹਿਦੂਦ ਸਮਝਦੇ ਹਨ ਅਰ ਦੂਜੀਆਂ ਕੌਮਾਂ ਨੂੰ ਇਸ ਦਾ ਹੱਕਦਾਰ ਨਹੀਂ ਸਮਝਦੇ; ਇਸੇ ਤਰ੍ਹਾਂ ਦਾ ਅਕੀਦਾ ਮਨੁੱਖ ਜਾਤੀ ਦੀ ਬਦਕਿਸਮਤੀ ਨੂੰ ਸਾਡੇ ਆਰੀਆ ਭਰਾਵਾਂ ਨੇ ਭੀ ਧਾਰਨ ਕੀਤਾ ਹੋਇਆ ਹੈ; ਓਹਨਾਂ ਦਾ ਭੀ ਇਹੋ ਵਿਸ਼੍ਵਾਸ ਹੈ ਕਿ ਈਸ਼ਵਰੀ ਅਕਾਸ਼ ਬਾਣੀ ਦਾ ਸਿਲਸਿਲਾ ਆਰੀਆ ਵਰਤ ਦੀ ਚਾਰ ਦੀਵਾਰੀ ਤੋਂ ਕਦੇ ਭੀ ਬਾਹਰ ਨਹੀਂ ਗਿਆ; ਸਦਾ ਹੀ ਇਸੇ ਦੇਸ਼ ਤੋਂ ਚਾਰ ਰਿਸ਼ੀ ਚੁਣੇ ਜਾਂਦੇ ਹਨ ਅਤੇ ਹਮੇਸ਼ਾਂ ਵੇਦ ਹੀ ਮੁੜ ਮੁੜ ਉਤਰਦੇ ਹਨ; ਸਦਾ ਵਾਸਤੇ

ਵੇਦਕ-ਸੰਸਕ੍ਰਿਤ ਬੋਲੀ ਹੀ ਇਸ ਅਕਾਸ਼ ਬਾਣੀ ਲਈ ਖਾਸ ਮੁਕੱਰਰ ਕੀਤੀ ਗਈ ਹੋਈ ਹੈ।

ਇਹ ਦੋਵੇਂ ਕੌਮਾਂ ਅਸਲ ਵਿਚ ਈਸ੍ਵਰ ਨੂੰ ਅਖਲ ਭਵਨ ਦਾ ਸਿਰਜਨਹਾਰ ਨਹੀਂ ਸਮਝਦੀਆਂ; ਨਹੀਂ ਤਾਂ ਹੋਰ ਕੋਈ ਕਾਰਣ ਨਹੀਂ ਦਿਸਦਾ ਕਿ ਜਦ ਈਸ੍ਵਰ ਅਖਲ ਭਵਨ ਦਾ ਸਿਰਜਨਹਾਰ ਕਹਾਉਂਦਾ ਹੈ (ਜੋ ਨਾ ਸਿਰਫ਼ ਬਨੀ ਇਸ੍ਰਾਈਲੀਆਂ ਦਾ ਹੀ ਰੱਬ ਹੈ ਤੇ ਨਾ ਕੇਵਲ ਆਰੀਆਂ ਦਾ ਈਸ੍ਵਰ) ਤਾਂ ਉਸ ਨੇ ਕੇਵਲ ਇੱਕੋ ਕੌਮ ਨਾਲ ਹੀ ਕਿਉਂ ਅਜਿਹਾ ਅਤੁੱਟ ਸੰਬੰਧ ਪੈਦਾ ਕੀਤਾ ਹੈ ਕਿ ਜਿਸ ਵਿਚ ਸ਼ਪਸ਼ਟ ਤੌਰ ਤੇ ਪੱਖਪਾਤ ਪਾਇਆ ਜਾਂਦਾ ਹੈ।ਬੱਸ, ਈਸ੍ਵਰ ਨੇ ਇਹਨਾਂ ਅਕੀਦਿਆਂ ਨੂੰ ਖੰਡਨ ਕਰਨ ਵਾਸਤੇ ਹੀ ਕੁਰਾਨ ਸ਼ਰੀਫ਼ ਦਾ ਆਰੰਭ **'ਈਸ਼ਵਰ ਅਖਲ ਭਵਨ ਦਾ ਪਾਲਣਹਾਰ ਹੈ।'** ਤੋਂ ਕੀਤਾ ਹੈ। ਕੁਰਾਨ ਸ਼ਰੀਫ਼ ਵਿਚ ਥਾਂ ਥਾਂ ਤੇ ਸਪਸ਼ਟ ਤੌਰ ਤੇ ਦੱਸਿਆ ਗਿਆ ਹੈ ਕਿ ਇਹ ਗੱਲ ਬਿਲਕੁਲ ਗਲਤ ਹੈ ਕਿ ਕਿਸੇ ਖਾਸ ਦੇਸ਼ ਜਾਂ ਕੌਮ ਵਿਚ ਹੀ ਈਸ੍ਵਰ ਦੇ ਅਵਤਾਰ ਪਰਗਟ ਹੁੰਦੇ ਰਹੇ। ਈਸ੍ਵਰ ਨੇ ਕਿਸੇ ਵੀ ਦੇਸ਼ ਨੂੰ ਨਹੀਂ ਭੁਲਾਇਆ। ਰੱਬੀ ਬਾਣੀ (ਕੁਰਾਨ ਸ਼ਰੀਫ਼) ਵਿਚ ਭਿੰਨ ਭਿੰਨ ਮਿਸਲਾਂ ਦੇ ਕੇ ਦੱਸਿਆ ਗਿਆ ਹੈ ਕਿ ਜਿਵੇਂ ਵਾਹਿਗੁਰੂ ਹਰ ਇਕ ਦੇਸ ਦੇ ਵਸਨੀਕਾਂ ਦੀ,ਓਹਨਾਂ ਦੀ ਹਾਲਤ ਮੂਜਬ, ਸਰੀਰਕ ਪਾਲਣਾ ਕਰਦਾ ਹੈ, ਉਸੇ ਤਰ੍ਹਾਂ ਹੀ ਉਸ ਨੇ ਹਰ ਦੇਸ਼ ਅਰ ਹਰ ਕੌਮ ਦੀ ਆਤਮਕ ਪਾਲਣਾ ਦਾ ਭੀ ਪ੍ਰਬੰਧ ਕੀਤਾ ਹੈ। ਰੱਬੀ ਬਾਣੀ ਦਸਦੀ ਹੈ:—

**ਵਇੰਮਿਨ ਉੱਮਤਿਨ ਇੱਲਾ ਖ਼ਲਾਫ਼ੀਹਾ ਨਜ਼ੀਰ।**

ਅਰਥਾਤ:—ਸੰਸਾਰ ਵਿਚ ਕੋਈ ਵੀ ਅਜਿਹੀ ਕੌਮ ਅਥਵਾ ਦੇਸ਼ ਨਹੀਂ, ਜਿੱਥੇ ਕੋਈ ਨਾ ਕੋਈ ਅਵਤਾਰ ਜਾਂ ਨਬੀ ਪ੍ਰਮਾਤਮਾ ਵੱਲੋਂ ਨਾ ਭੇਜਿਆ ਗਿਆ ਹੋਵੇ।

ਸੋ ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਈਸ਼੍ਵਰ ਸਰਬ ਸ਼ਕਤੀਮਾਨ ਹੈ, ਜਿਸ ਨੂੰ ਮੰਨਣਾ ਹਰ ਇਕ ਮਨੁੱਖ ਦਾ ਮੁਖੀ ਫ਼ਰਜ਼ ਹੈ; ਉਹ ਅਖਲ ਭਵਨ ਦਾ ਸਿਰਜਣਹਾਰ ਤੇ ਪਾਲਣਹਾਰ ਹੈ; ਉਸ ਦੀ ਪਾਲਣਾ ਜਾਂ ਰਚਨਾ ਕਿਸੇ ਖਾਸ ਦੇਸ਼ ਜਾਂ ਕੌਮ ਤਕ ਹੀ ਮਹਿਦੂਦ ਨਹੀਂ; ਅਰ ਨਾ ਹੀ ਕਿਸੇ ਖਾਸ ਸਮੇਂ ਤਕ ਹੈ; ਸਗੋਂ ਉਹ ਸਰਬੱਤ ਜਾਤੀਆਂ ਦਾ ਪਾਲਣਹਾਰ ਹੈ; ਸਭ ਜ਼ਮਾਨਿਆਂ ਦਾ ਸਿਰਜਨਹਾਰ ਹੈ; ਸਾਰੀਆਂ ਥਾਵਾਂ ਦਾ ਈਸ਼੍ਵਰ ਹੈ; ਕੁਲ ਦੇਸਾਂ ਦਾ ਕਰਤਾ ਹੈ; ਤਮਾਮ ਮਿਹਰਾਂ ਤੇ ਬਖ਼ਸ਼ਿਸ਼ਾਂ ਦਾ ਸੋਮਾ ਹੈ; ਹਰੇਕ ਸਰੀਰਕ ਤੇ ਆਤਮਕ ਹਾਲਤ ਉਸੇ ਤੋਂ ਹੈ; ਹਰੇਕ ਜੀਵ-ਜੰਤ ਉਸ ਦੇ ਆਸਰੇ ਪਲ ਰਿਹਾ ਹੈ ਅਤੇ ਉਹੋ ਹੀ ਹਰ ਇਕ ਦਾ ਸਹਾਰਾ ਹੈ।

**ਈਸ਼ਵਰ ਦੀ ਦਇਆ**

ਈਸ਼੍ਵਰ ਦੀ ਦਇਆ ਆਮ ਹੈ; ਉਹ ਕੁਲ ਕੌਮਾਂ.ਸਭ ਮੁਲਕਾਂ ਤੇ ਸਾਰੇ ਜ਼ਮਾਨਿਆਂ ਦਾ ਮਾਲਕ ਹੈ, ਇਹ ਇਸੇ ਲਈ ਹੈ ਕਿ ਕਿਸੇ ਕੌਮ ਨੂੰ ਵੀ ਸ਼ਕਾਇਤ ਕਰਨ ਦਾ ਸਮਾਂ ਨਾ ਮਿਲੇ ਅਥਵਾ ਇਹ ਨਾ ਕਹਿਣਾ ਪਵੇ ਕਿ ਈਸ਼੍ਵਰ ਨੇ ਅਮਕੀ ਕੌਮ ਤੇ ਤਾਂ ਉਪਕਾਰ ਕੀਤੇ, ਪਰ ਸਾਨੂੰ ਅੱਖੋਂ ਉਹਲੇ ਰੱਖਿਆ; ਜਾਂ ਅਮਕੀ ਕੌਮ ਨੂੰ ਆਪਣਾ ਸੁਧਾਰ ਕਰਨ ਵਾਸਤੇ ਉਸ ਨੇ ਕਿਤਾਬ ਦਿਤੀ ਪਰ ਸਾਨੂੰ ਸਖਣਿਆਂ ਰਖਿਆ; ਜਾਂ ਅਮਕੇ ਜ਼ਮਾਨੇ ਵਿਚ ਉਹ ਆਪਣਿਆਂ ਚਮਤਕਾਰਾਂ ਅਥਵਾ ਅਕਾਸ਼-ਬਾਣੀਆਂ ਨਾਲ ਪਰਗਟ ਹੋਇਆ,

ਪਰ ਸਾਡੀ ਵਾਰੀ ਲੁਪਤ ਰਿਹਾ। ਸੋ ਉਸ ਨੇ ਆਪਣੀ ਆਮ ਦਇਆ ਪਰਗਟ ਕਰਕੇ ਸਭ ਸ਼ੰਕੇ ਨਵਿਰਤ ਕਰ ਦਿੱਤੇ। ਬਸ ਈਸ਼੍ਵਰ ਨੇ ਆਪਣੀ ਖੁਲ੍ਹ-ਦਿਲੀ ਦੁਆਰਾ ਕਿਸੇ ਕੌਮ ਨੂੰ ਸਰੀਰਕ ਤੇ ਆਤਮਕ ਦਇਆ ਤੋਂ ਖਾਲੀ ਨਹੀਂ ਰੱਖਿਆ, ਅਰ ਨਾ ਹੀ ਕਿਸੇ ਜ਼ਮਾਨੇ ਨੂੰ ਬਦਕਿਸਮਤ ਠਹਿਰਾਇਆ ਹੈ।

**ਈਸ਼੍ਵਰ ਅਰ ਅਸੀਂ** ਸੋ ਜਦ ਸਾਡੇ ਈਸ਼੍ਵਰ ਦਾ ਇਹ ਸੁਭਾਉ ਹੈ, ਤਾਂ ਸਾਨੂੰ ਭੀ ਚਾਹੀਦਾ ਹੈ ਕਿ ਇਸੇ ਹੀ ਸੁਭਾਉ ਦੀ ਪੈਰਵੀ ਕਰੀਏ। ਸੋ ਮੇਰੇ ਪਿਆਰੇ ਭਰਾਓ! ਇਹ ਛੋਟੀ ਜੇਹੀ ਪੁਸਤਕ, ਜਿਸ ਦਾ ਨਾਂ 'ਮਿਲਾਪ-ਸੰਦੇਸ਼'* ਹੈ, ਮੈਂ ਬੜੇ ਸਤਿਕਾਰ ਨਾਲ ਆਪ ਦੀ ਸੇਵਾ ਵਿਚ ਪੇਸ਼ ਕਰਦਾ ਹਾਂ ਅਤੇ ਵਾਹਿਗੁਰੂ ਪਾਸ ਅਰਦਾਸ ਕਰਦਾ ਹਾਂ ਕਿ ਉਹ ਕਰਤਾ ਪੁਰਖ ਪ੍ਰਮਾਤਮਾ ਆਪਣੀ ਅਕਾਸ਼ ਬਾਣੀ ਦੁਆਰਾ ਆਪ ਦੇ ਦਿਲਾਂ ਤੇ ਸਾਡੀ ਹਮਦਰਦੀ ਦਾ ਭੇਤ ਖੋਲ੍ਹ ਦੇਵੇ, ਤਾਂ ਜੁ ਤੁਸੀਂ ਇਸ ਏਕਤਾ ਦੀ ਪ੍ਰੇਮ ਭਰੀ ਸੁਗਾਤ ਨੂੰ ਕਿਸੇ ਖਾਸ ਮਤਲਬ ਅਥਵਾ ਲਾਲਚ ਦੇ ਕਾਰਨ ਹੀ ਨਾ ਸਮਝ ਲਵੋ।

ਭਰਾਓ! ਮੌਤ ਪਿੱਛਲਾ ਮਾਮਲਾ ਆਮ ਮਨੁੱਖਾਂ ਤੋਂ ਲੁਪਤ ਹੀ ਰਹਿੰਦਾ ਹੈ ਅਤੇ ਇਸ ਦਾ ਭੇਤ ਓਹਨਾਂ ਤੇ ਹੀ ਖੁਲ੍ਹਦਾ ਹੈ, ਜੋ ਮਰਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਪਰ ਇਸ ਸੰਸਾਰ ਦੇ ਹਾਣ-ਲਾਭ ਨੂੰ ਸਭ ਮਨੁੱਖ ਆਪੋ ਆਪਣੀ ਬੁਧ ਅਨੁਸਾਰ ਸਮਝ ਲੈਂਦੇ ਹਨ।

**ਏਕਤਾ** ਇਹ ਗੱਲ ਕਿਸੇ ਤੋਂ ਭੀ ਲੁਕੀ ਹੋਈ ਨਹੀਂ ਕਿ 'ਏਕਤਾ' ਇਕ ਅਜਿਹੀ ਵਸਤੂ ਹੈ, ਜਿਸ ਨਾਲ

*ਪੈਗ਼ਾਮਿ-ਸੁਲਹ।

ਉਹ ਔਕੜਾਂ ਜੋ ਕਿਸੇ ਤਰ੍ਹਾਂ ਦੂਰ ਨਹੀਂ ਹੋ ਸਕਦੀਆਂ ਤੇ ਉਹ ਮੁਸ਼ਕਲਾਂ ਜੋ ਕਿਸੇ ਤਦਬੀਰ ਨਾਲ ਹਲ ਨਹੀਂ ਹੋ ਸਕਦੀਆਂ, ਸਹਿਜੇ ਤੇ ਸੁਖੈਨ ਹੀ ਹਲ ਹੋ ਜਾਂਦੀਆਂ ਹਨ। ਇਹ ਵੱਡੀ ਮੂਰਖਤਾ ਹੈ ਕਿ ਮਨੁੱਖ ਆਪਣੇ ਆਪ ਨੂੰ 'ਏਕਤਾ' ਦੀਆਂ ਬਰਕਤਾਂ ਤੋਂ ਸਖਣਾ ਰੱਖੇ। ਹਿੰਦੂ-ਮੁਸਲਮਾਨ ਇਸ ਦੇਸ਼ ਵਿਚ ਅਜਿਹੀਆਂ ਕੌਮਾਂ ਹਨ, ਜਿਨ੍ਹਾਂ ਦਾ ਮਰਨਾ-ਜੀਉਣਾ ਭਾਰਤਵਰਸ਼ ਨਾਲ ਹੀ ਸੰਬੰਧਤ ਹੈ। ਇਹ ਗਲ ਗਲਤ ਹੈ ਕਿ ਕਿਸੇ ਸਮੇਂ ਹਿੰਦੂ ਇਕੱਠੇ ਹੋ ਕੇ ਮੁਸਲਮਾਨਾਂ ਨੂੰ ਹਿੰਦ ਤੋਂ ਬਾਹਰ ਕਢ ਦੇਣਗੇ, ਜਾਂ ਮੁਸਲਮਾਨ ਮਿਲ ਕੇ ਹਿੰਦੂਆਂ ਨੂੰ ਦੇਸ-ਨਿਕਾਲਾ ਦੇ ਦੇਣਗੇ; ਸਗੋਂ ਹੁਣ ਤਾਂ ਹਿੰਦੂਆਂ ਤੇ ਮੁਸਲਮਾਨਾਂ ਦਾ ਆਪਸ ਵਿਚ ਸਰੀਰ ਤੇ ਕਪੜੇ ਦਾ ਸੰਬੰਧ ਹੋ ਗਿਆ ਹੈ; ਜੇ ਕਪੜਾ ਪਾਟੇ ਤਾਂ ਸਰੀਰ ਨੰਗਾ, ਜੇ ਸਰੀਰ ਨਹੀਂ ਤਾਂ ਕਪੜਾ ਬੇਅਰਥ। ਜੇ ਇਕ ਕੌਮ ਦੂਜੀ ਕੌਮ ਨੂੰ ਆਪਣੀ ਜਾਤੀ ਗ਼ਰਜ਼ ਵਾਸਤੇ ਹੇਠੀ ਦਿਖਾਉਣਾ ਚਾਹੇਗੀ, ਤਾਂ ਉਹ ਭੀ ਹੇਠੀ ਤੋਂ ਨਹੀਂ ਬਚ ਸਕੇਗੀ। ਜੇ ਇਹਨਾਂ ਦੋਹਾਂ ਕੌਮਾਂ ਵਿਚੋਂ ਕੋਈ ਆਪਣੇ ਗਵਾਂਢੀ ਦਾ ਦਰਦ ਵੰਡਾਉਣੋਂ ਘ੍ਰਿਣਾ ਕਰੇਗੀ, ਤਾਂ ਉਸ ਨੂੰ ਭੀ ਹਾਨੀ ਪੁਜੇਗੀ; ਕਿਉਂਕਿ ਜੋ ਮਨੁੱਖ ਦੂਜੇ ਦੀ ਤਬਾਹੀ ਦੀਆਂ ਗੋਂਦਾਂ ਗੁੰਦੇ, ਉਸ ਦੀ ਇਹ ਮਿਸਾਲ ਹੈ ਕਿ ਜਿਵੇਂ ਕੋਈ ਇਕ ਟਹਿਣ ਤੇ ਬਹਿ ਕੇ ਉੱਸੇ ਨੂੰ ਹੀ ਕੱਟੇ। ਤੁਸੀਂ ਲੋਕ ਈਸ਼ਵਰ ਦੀ ਅਪਾਰ ਕਿਰਪਾ ਨਾਲ ਵਿੱਦਵਾਨ ਭੀ ਹੋ ਗਏ ਹੋ। ਹੁਣ ਈਰਖਾ ਨੂੰ ਛੱਡ ਕੇ ਏਕਤਾ ਵਿਚ ਤਰੱਕੀ ਕਰੋ; ਆਪਾ-ਧਾਪੀ ਨੂੰ ਤਿਆਗ ਕੇ ਇਕ ਦੂਜੇ ਦੇ ਕੰਮ ਆਓ; ਸੰਸਾਰਕ ਔਕੜਾਂ ਰੇਤ ਥਲੇ ਦਾ ਉਹ ਸਫ਼ਰ ਹੈ, ਜੋ ਗਰਮੀ ਦੀ ਰੁੱਤੇ ਦੁਪਹਿਰ

ਵੇਲੇ ਕੀਤਾ ਜਾਵੇ। ਬੱਸ, ਇਸ ਔਖੇ ਰਾਹ ਲਈ ਏਕਤਾ ਦੇ ਠੰਢੇ ਜਲ ਦੀ ਲੋੜ ਹੈ, ਜੋ ਇਸ ਮਗਾਦੀ ਅੱਗ ਨੂੰ ਠੰਢਿਆਂ ਕਰਨ ਦੀ ਸਮਰਥਾ ਰਖਦਾ ਹੈ ਤੇ ਤ੍ਰੇਹ ਸਮੇਂ ਮਰਨ ਤੋਂ ਬਚਾਉਂਦਾ ਹੈ।

**ਮਿਲਾਪ-ਸੰਦੇਸ਼:** ਮੈਂ ਆਪ ਨੂੰ ਅਜਿਹੇ ਸਮੇਂ ਏਕਤਾ ਵਲ ਬੁਲਾਉਂਦਾ ਹਾਂ, ਜਦ ਕਿ ਆਪ ਨੂੰ ਇਸ ਦੀ ਡਾਢੀ ਲੋੜ ਹੈ। ਸੰਸਾਰ ਤੇ ਕਰੜੇ ਤੋਂ ਕਰੜੇ ਕਲੇਸ਼ ਆ ਰਹੇ ਹਨ; ਭੂੰਚਾਲ ਧਰਤੀ ਨੂੰ ਹਿਲਾ ਰਹੇ ਹਨ; ਕਾਲ ਪੈ ਰਿਹਾ ਹੈ; ਪਲੇਗ ਨੇ ਭੀ ਅਜੇ ਪਿੱਛਾ ਨਹੀਂ ਛੱਡਿਆ। ਈਸ਼੍ਵਰ ਨੇ ਜੋ ਖਬਰ ਮੈਨੂੰ ਦਿੱਤੀ ਹੈ, ਉਹ ਭੀ ਇਹੋ ਹੈ ਕਿ ਜੇ ਮਨੁੱਖ ਜਾਤੀ ਆਪਣੇ ਕੁਕਰਮਾਂ ਤੋਂ ਨਾ ਟਲੀ, ਤਾਂ ਓਹਨਾਂ ਪੁਰ ਸਖਤ ਤੋਂ ਸਖਤ ਔਕੜਾਂ ਤੇ ਔਖੇ ਤੋਂ ਔਖੇ ਕਸ਼ਟ ਆਉਣਗੇ; ਇਕ ਦੁਖ ਅਜੇ ਹਟੇਗਾ ਨਹੀਂ ਕਿ ਦੂਜਾ ਪਰਗਟ ਹੋ ਜਾਵੇਗਾ; ਮਨੁੱਖ ਬਹੁਤ ਦੁਖੀ ਹੋ ਜਾਣਗੇ ਅਤੇ ਕਹਿਣਗੇ ਕਿ ਇਹ ਕੀ ਹੋ ਰਿਹਾ ਹੈ ਅਥਵਾ ਲੋਕ ਕਸ਼ਟਾਂ ਤੇ ਔਕੜਾਂ ਦੇ ਗੇੜ ਵਿਚ ਆ ਕੇ ਸ਼ੁਦਾਈ ਹੋ ਜਾਣਗੇ*।

*ਪਾਠਕ ਇਹਨਾਂ ਸਤਰਾਂ ਨੂੰ ਪੜ੍ਹ ਕੇ ਰਤਾ 'ਬਿਹਾਰ' ਦੀ ਤਬਾਹੀ ਦਾ ਨਕਸ਼ਾ ਅਖਾਂ ਅਗੇ ਲਿਆਉਣ ਤੇ ਵਿਚਾਰਨ ਕਿ ਇਹ ਅਖਰ ਕਿਵੇਂ ਪੂਰੇ ਹੋਏ। ਉਥੋਂ ਦੀ ਤਬਾਹੀ ਦੇ ਜੋ ਹਾਲਾਤ ਅਖਬਾਰਾਂ ਰਾਹੀਂ ਸਾਡੇ ਤਕ ਪੁਜੇ, ਓਹ ਇਹੋ ਦਸਦੇ ਹਨ ਕਿ ਭੁਚਾਲ ਨਾਲ ਹੋਈ ਤਬਾਹੀ ਦਾ ਦੁਖ ਅਜੇ ਭੁਲਾ ਹੀ ਨਹੀਂ ਸੀ ਕਿ ਮੀਂਹ ਦਾ ਤੂਫਾਨ ਆ ਗਿਆ ਅਰ ਰਹਿੰਦੇ ਖੂੰਹਦੇ ਮਕਾਨ ਵੀ ਢਹਿ ਢੇਰੀ ਹੋ ਗਏ; ਵਸਦੇ ਸ਼ਹਿਰ ਬਰਬਾਦ ਹੋ ਗਏ; ਸਰਦੀ ਦੇ ਦਿਨਾਂ ਵਿਚ ਲੋਕਾਂ ਨੂੰ ਤਨ ਢਕਣ ਲਈ ਕਪੜਾ ਨਹੀਂ ਲਭਾ; ਕੇਹਾ ਚਰਦਨਾਕ ਨਜ਼ਾਰਾ ਸੀ; ਇਕ ਔਕੜ ਅਜੇ ਹਟੀ ਨਹੀਂ ਸੀ ਕਿ ਦੂਜੀ ਆਣ ਪਈ। ਇਸੇ ਤਰ੍ਹਾਂ ਹੀ ਪਾਠਕ ਰਤਾ 'ਕੋਇਟੇ' ਦੀ ਤਬਾਹੀ ਵਲ ਵੀ ਝਾਤ ਮਾਰਨ ਕਿ ਕਿਸ ਤਰ੍ਹਾਂ ਹਜ਼ਾਰਾਂ ਲੋਕ ਸੁਤੜੇ ਹੀ ਸੌਂ ਗਏ; ਵਸਦਾ ਰਸਦਾ ਕੋਇਟਾ ਪਲ ਵਿਚ ਹੀ ਥੇਹ ਬਣ ਗਿਆ; ਬੜੇ ਬੜੇ ਮਕਾਨ ਮਲਬੇ ਦੇ ਢੇਰਾਂ ਵਿਚ ਬਦਲ ਗਏ; ਕਈ ਮਨੁਖ ਸ਼ੁਦਾਈ ਹੋ ਗਏ ਤੇ ਕਈ ਬਚੇ ਯਤੀਮ ਹੋ ਗਏ। ਇਹ ਸਭ ਗਲਾਂ ਈਸ਼ਵਰ ਪਿਆਰੇ ਹਜ਼ਰਤ ਮਿਰਜ਼ਾ ਸਾਹਿਬ ਦੀ ਅਕਾਸ਼ ਬਾਣੀ ਵਿਚ ਦਰਜ ਹਨ। (ਉਲਬਾਕਾਰ)

ਮੇਰੇ ਦੇਸ਼ ਵਾਸੀ ਭਰਾਓ ! ਇਹਨਾਂ ਦਿਨਾਂ ਦੇ ਆਉਣ ਤੋਂ ਪਹਿਲਾਂ ਹੀ ਹੁਸ਼ਿਆਰ ਹੋ ਜਾਓ। ਹਿੰਦੂ-ਮੁਸਲਿਮ ਇਕ-ਮੁੱਠ ਹੋ ਜਾਓ। ਜੇ ਕਿਸੇ ਕੌਮ ਨੇ ਕਦੇ ਏਕਤਾ ਵਿਚ ਰੋਕ ਪਾਉਣ ਵਾਲੀ ਕੋਈ ਗਲਤੀ ਵੀ ਕੀਤੀ ਹੈ, ਤਾਂ ਦੂਜੀ ਕੌਮ ਉਸ ਨੂੰ ਆਪਣਾ ਅੰਗ ਸਮਝ ਕੇ ਉਸ ਦੀ ਗ਼ਲਤੀ ਨੂੰ ਭੁਲਾ ਦੇਵੇ; ਨਹੀਂ ਤਾਂ ਆਪਸ ਵਿਚ ਦੀ ਖਿਚੋਤਾਣ ਤੇ ਵੈਰ-ਵਿਰੋਧ ਦਾ ਸਾਰਾ ਭਾਰ ਉਸ ਦੇ ਸਿਰ ਹੋਵੇਗਾ।

**ਏਕਤਾ ਤੇ ਮਜ਼੍ਹਬ**

ਜੇ ਕੋਈ ਸੱਜਣ ਇਹ ਆਖੇ ਕਿ ਹਿੰਦੂ-ਮੁਸਲਿਮ ਏਕਤਾ ਕਿਵੇਂ ਹੋ ਸਦਕੀ ਹੈ, ਜਦ ਕਿ ਆਪਸ ਵਿਚ ਚੋਖਾ ਮਜ਼੍ਹਬੀ ਮਤ-ਭੇਦ ਹੈ, ਜੋ ਦਿਨੋ ਦਿਨ ਫੁਟ ਵਧਾ ਰਿਹਾ ਹੈ। ਤਾਂ ਮੈਂ ਇਸ ਦਾ ਇਹੋ ਉੱਤਰ ਦੇਵਾਂਗਾ ਕਿ ਅਸਲ ਵਿਚ ਮਜ਼੍ਹਬੀ ਮਤ ਭੇਦ ਕੇਵਲ ਉਸ ਮਤ-ਭੇਦ ਦਾ ਨਾਂ ਹੈ, ਜਿਸ ਦੀ ਨੀਂਹ ਦੋਹੀਂ ਪਾਸੀਂ ਅਕਲ ਤੇ ਇਨਸਾਫ਼ ਪੁਰ ਹੋਵੇ। ਮਨੁੱਖ ਨੂੰ ਈਸ਼੍ਵਰ ਨੇ ਅਕਲ ਇਸੇ ਵਾਸਤੇ ਪ੍ਰਦਾਨ ਕੀਤੀ ਹੈ ਕਿ ਉਹ ਅਜਿਹਾ ਤਰੀਕਾ ਧਾਰਨ ਕਰੇ, ਜੋ ਅਕਲ ਤੇ ਇਨਸਾਫ਼ ਦੇ ਉਲਟ ਨਾ ਹੋਵੇ। ਸੋ ਛੋਟੇ ਛੋਟੇ ਮਤ ਭੇਦ ਏਕਤਾ ਵਿਚ ਰੋਕ ਨਹੀਂ ਪਾ ਸਕਦੇ। ਏਕਤਾ ਵਿਚ ਉਹੋ ਮਤ-ਭੇਦ ਰੋਕ ਪਾਉਂਦਾ ਹੈ, ਜੋ ਕਿਸੇ ਕੌਮ ਦੇ ਬਾਨੀ, ਮਹਾਤਮਾ ਅਥਵਾ ਉਸ ਦੀ ਪਵਿੱਤਰ ਕਿਤਾਬ ਤੇ ਅਯੋਗ ਹਮਲਾ ਕਰਨ ਨਾਲ ਪੈਦਾ ਹੁੰਦਾ ਹੈ।

ਏਕਤਾ ਦੇ ਹਾਮੀਆਂ ਵਾਸਤੇ ਇਹ ਖੁਸ਼ੀ ਦਾ ਸਮਾਂ ਹੈ ਕਿ ਜਿੰਨੀ ਸਿੱਖਿਆ ਇਸਲਾਮ ਵਿਚ ਪਾਈ ਜਾਂਦੀ ਹੈ, ਉਹ

ਵੇਦਾਂ ਵਿਚ ਭੀ ਕਿਸੇ ਨਾ ਕਿਸੇ ਰੰਗ ਵਿਚ ਮੌਜੂਦ ਹੈ। ਮਿਸਾਲ ਲਈ ਦੇਖੋ, ਆਰੀਆ ਸਮਾਜ ਦਾ ਇਹ ਮਜ਼ਹਬੀ ਅਸੂਲ ਹੈ ਕਿ ਵੇਦਾਂ ਪਿਛੋਂ ਅਕਾਸ਼ ਬਾਣੀ (ਇਲਹਾਮ) ਤੇ ਮੋਹਰ ਲਗ ਗਈ, ਪਰ ਹਿੰਦੂ ਮਜ਼ਹਬ ਵਿਚ ਸਮੇਂ ਸਮੇਂ ਜੋ ਅਵਤਾਰ ਪੈਦਾ ਹੁੰਦੇ ਰਹੇ, (ਜਿਨ੍ਹਾਂ ਦੀ ਪੈਰਵੀ ਕਰਨ ਵਾਲੇ ਕਰੋੜਾਂ ਮਨੁੱਖ ਇਸ ਦੇਸ ਵਿਚ ਮਿਲਦੇ ਹਨ) ਓਹਨਾਂ ਨੇ ਇਸ ਮੋਹਰ ਨੂੰ ਆਪਣੇ ਇਲਹਾਮੀ ਦਾਵ੍ਹੇ ਨਾਲ ਤੋੜ ਦਿਤਾ; ਜਿਹਾ ਕਿ ਹਿੰਦੁਸਤਾਨ ਵਿਚ ਇਕ ਮਹਾਨ ਅਵਤਾਰ ਸ੍ਰੀ ਕ੍ਰਿਸ਼ਨ ਜੀ ਹੋਏ ਹਨ; ਜੋ ਬੰਗਾਲ ਵਿਚ ਬੜੇ ਜ਼ੋਰ ਸ਼ੋਰ ਨਾਲ ਇਕ ਉੱਚ-ਹਸਤੀ ਦੇ ਅਵਤਾਰ ਮੰਨੇ ਜਾਂਦੇ ਹਨ, ਓਹਨਾਂ ਨੇ ਆਪਣੇ ਇਲਹਾਮ ਦਾ ਦਾਵ੍ਹਾ ਕੀਤਾ ਹੈ। ਅਜ ਕਲ ਇਨ੍ਹਾਂ ਦੇ ਪੈਰਾਉ ਇਨ੍ਹਾਂ ਨੂੰ ਨਬੀ ਮੰਨਣ ਦੀ ਥਾਂ ਈਸ਼੍ਵਰ ਮੰਨ ਰਹੇ ਹਨ। ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਆਪਣੇ ਸਮੇਂ ਦੇ ਨਬੀ ਅਥਵਾ ਅਵਤਾਰ ਸਨ, ਅਤੇ ਈਸ਼ਵਰ ਓਹਨਾਂ ਨਾਲ ਬੋਲਿਆ ਕਰਦਾ ਸੀ।

ਇਸੇ ਤਰ੍ਹਾਂ ਹੀ ਇਸ ਆਖਰੀ ਜ਼ਮਾਨੇ ਵਿਚ ਹਿੰਦੂਆਂ ਦੀ ਕੌਮ ਵਿਚੋਂ ਬਾਬਾ ਨਾਨਕ ਸਾਹਿਬ ਹੋਏ ਹਨ, ਜਿਨ੍ਹਾਂ ਦੀ ਉੱਚਤਾ ਦਾ ਚਰਚਾ ਸਾਰੇ ਦੇਸ਼ ਵਿਚ ਹਰੇਕ ਸੱਜਣ ਦੀ ਜ਼ਬਾਨ ਤੇ ਹੈ। ਇਨ੍ਹਾਂ ਦੀ ਪੈਰਵੀ ਦਾ ਦਾਵ੍ਹਾ ਕਰਨ ਵਾਲੀ ਇਸ ਦੇਸ਼ ਵਿਚ ਸਿੱਖ ਕੌਮ ਮੌਜੂਦ ਹੈ, ਜੋ ਵੀਹ ਲੱਖ ਤੋਂ ਘੱਟ ਨਹੀਂ। ਬਾਬਾ ਜੀ ਆਪਣੀ ਬਾਣੀ ਵਿਚ ਖੁੱਲ੍ਹੇ ਤੌਰ ਤੇ ਅਕਾਸ਼ ਬਾਣੀ (ਇਲਹਾਮ) ਦਾ ਦਾਵ੍ਹਾ ਕਰਦੇ ਹਨ*।

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।

ਇਕ ਥਾਂ ਉਹ ਆਪਣੀ ਜਨਮਸਾਖੀ ਵਿਚ ਆਖਦੇ ਹਨ ਕਿ ਮੈਨੂੰ ਈਸ਼੍ਵਰ ਵੱਲੋਂ ਅਕਾਸ਼ ਬਾਣੀ ਹੋਈ ਕਿ ਇਸਲਾਮ ਇਕ ਸੱਚਾ ਮਜ਼ਬ ਹੈ। ਇਸੇ ਬਿਨਾ ਤੇ ਉਨ੍ਹਾਂ ਨੇ ਹੱਜ ਕੀਤਾ ਤੇ ਹੋਰ ਸਭ ਇਸਲਾਮੀ ਅਸੂਲਾਂ ਦੀ ਪਾਬੰਦੀ ਧਾਰਨ ਕੀਤੀ। ਇਸ ਗੱਲ ਵਿਚ ਭੀ ਕੋਈ ਸ਼ੱਕ ਨਹੀਂ ਕਿ ਇਹਨਾਂ ਤੋਂ ਕਈ ਕਰਾਮਤਾਂ ਤੇ ਨਿਸ਼ਾਨ ਭੀ ਪਰਗਟ ਹੋਏ। ਇਸ ਦੇ ਨਾਲ ਹੀ ਇਸ ਗੱਲ ਦੇ ਮੰਨਣ ਵਿਚ ਭੀ ਕੋਈ ਰੋਕ ਨਹੀਂ ਹੋ ਸਕਦੀ ਕਿ ਬਾਬਾ ਨਾਨਕ ਸਾਹਿਬ ਇਕ ਉਚੇ ਤੇ ਸੁਚੇ ਮਨੁੱਖ ਸਨ, ਅਰ ਓਹਨਾਂ ਉੱਚ ਹਸਤੀਆਂ ਵਿੱਚੋਂ ਸਨ; ਜਿਨ੍ਹਾਂ ਨੂੰ ਪ੍ਰਮਾਤਮਾ ਆਪਣੇ ਪ੍ਰੇਮ ਦਾ ਸ਼ਰਬਤ ਪਿਲਾਉਂਦਾ ਹੈ ਉਹ ਹਿੰਦੂਆਂ ਵਿੱਚ ਕੇਵਲ ਇਸ ਗੱਲ ਦੀ ਗਵਾਹੀ ਦੇਣ ਵਾਸਤੇ ਪੈਦਾ ਹੋਏ ਸਨ ਕਿ ਇਸਲਾਮ ਈਸ਼੍ਵਰ ਦਾ ਸੱਚਾ ਮਜ਼੍ਹਬ ਹੈ। ਜੋ ਮਨੁੱਖ ਇਹਨਾਂ ਦੀ ਉਸ ਪੁਰਾਤਨ ਨਿਸ਼ਾਨੀ ਨੂੰ ਦੇਖੇ-ਜੋ ਡੇਰਾ ਬਾਬਾ ਨਾਨਕ ਸਾਹਿਬ ਵਿੱਚ ਮੌਜੂਦ ਹੈ, ਜਿਸ ਤੇ ਬੜੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਹੈ:—

ਲਾਇਲਾਹ ਇੱਲਲਾਹ ਮੁਹੰਮਦੁੱਰਸੂਲੱਲਾਹ।

ਅਰਥਾਤ—ਈਸ਼੍ਵਰ ਤੋਂ ਬਿਨਾਂ ਕੋਈ ਹਸਤੀ ਪੂਜਾ ਦੇ ਯੋਗ ਨਹੀਂ, ਮੁਹੰਮਦ ਉਸ ਦਾ ਰਸੂਲ ਹੈ। ਫਿਰ ਉਹ ਨਿਸ਼ਾਨੀ ਦੇਖੇ, ਜੋ ਗੁਰੂ ਹਰਿਸਹਾਇ ਜ਼ਿਲਾ ਫ਼ੀਰੋਜ਼ ਪੁਰ ਵਿਚ ਬਾਬੇ ਦੀ ਪੋਥੀ (ਕੁਰਾਨ ਸ਼ਰੀਫ਼) ਪਈ ਹੈ—ਤਾਂ ਉਸ ਨੂੰ ਇਸ ਗੱਲ ਵਿਚ ਕੀ ਸ਼ੱਕ ਹੋ ਸਕਦਾ ਹੈ ਕਿ ਬਾਬਾ ਜੀ ਨੇ ਆਪਣੇ ਸੁੱਚੇ ਦਿਲ ਤੇ ਉਚੇ ਆਚਰਨ ਨਾਲ ਉਸ ਰਾਜ਼ ਦਾ ਪਤਾ ਕਰ ਲਿਆ ਸੀ, ਜੋ ਦਿਖਾਵੇ

ਪੰਡਤਾਂ ਤੋਂ ਲੁਪਤ ਰਿਹਾ। ਓਹਨਾਂ ਨੇ ਅਕਾਸ਼ ਬਾਣੀ ਦਾ ਦਾਵਾ ਅਤੇ ਈਸ਼੍ਵਰ ਵੱਲੋਂ ਨਿਸ਼ਾਨ ਤੇ ਕਰਾਮਤਾਂ ਦੱਸ ਕੇ ਇਸ ਅਕੀਦੇ ਦਾ ਖੁਲ੍ਹਮ ਖੁਲ੍ਹਾ ਖੰਡਨ ਕੀਤਾ ਕਿ ਵੇਦਾਂ ਮਗਰੋਂ ਕਿਸੇ ਨੂੰ **ਵੀ ਅਕਾਸ਼ ਬਾਣੀ ਨਹੀਂ ਹੋ ਸਕਦੀ ਤੇ ਨਾ ਕੋਈ ਕਰਾਮਤ ਜਾਂ ਨਿਸ਼ਾਨ ਹੀ ਪਰਗਟ ਹੋ ਸਕਦਾ ਹੈ।** ਬਾਬਾ ਨਾਨਕ ਜੀ ਦਾ ਪਰਗਟ ਹੋਣਾ ਹਿੰਦੂਆਂ ਲਈ ਈਸ਼੍ਵਰ ਦੀ ਖਾਸ ਦਇਆ ਸੀ। ਬਾਬਾ ਜੀ ਹਿੰਦੂ ਮਜ਼ਹਬ ਦੇ ਆਖਰੀ ਅਵਤਾਰ ਸਨ, ਪਰ ਇਸ ਦੇਸ ਦੀ ਭਾਰੀ ਬਦਕਿਸਮਤੀ ਹੈ ਕਿ ਹਿੰਦੂਆਂ ਨੇ ਬਾਬਾ ਜੀ ਦੇ ਪਵਿੱਤ੍ਰ ਉਪਦੇਸ਼ ਤੇ ਉਚੇ ਅਮਲ ਤੋਂ ਕੋਈ ਲਾਭ ਨਾ ਉਠਾਇਆ; ਸਗੋਂ ਪੰਡਿਤਾਂ ਨੇ ਬਾਬਾ ਜੀ ਤੋਂ 'ਇਸਲਾਮ' ਦੀ ਉਪਮਾ ਦੇ ਬਚਨ ਸੁਣ ਕੇ ਆਪ ਨੂੰ ਕੁਰਾਹੀਆ ਆਖਿਆ ਤੇ ਬੜੇ ਬੜੇ ਦੁਖ ਦਿੱਤੇ। ਬਾਬਾ ਜੀ ਹਿੰਦੂ ਮਤ ਤੇ ਇਸਲਾਮ ਦਾ ਮਿਲਾਪ ਕਰਾਉਣ ਆਏ ਸਨ, ਪਰ ਅਫਸੋਸ ਸੰਸਾਰ ਨੇ ਓਹਨਾਂ ਦੀ ਸਿਖਿਆ ਵਲ ਧਿਆਨ ਨਾ ਦਿਤਾ। ਜੇ ਓਹਨਾਂ ਦੇ ਪਵਿਤਰ ਉਪਦੇਸ਼ ਤੋਂ ਕੁਝ ਭੀ ਲਾਭ ਉਠਾਇਆ ਜਾਂਦਾ, ਤਾਂ ਅੱਜ ਹਿੰਦੂ-ਮੁਸਲਮਾਨ ਇਕ-ਮਿਕ ਦਿਖਾਈ ਦਿੰਦੇ। ਅਫ਼ਸੋਸ! ਸਾਨੂੰ ਇਸ ਹਾਲਤ ਤੇ ਰੋਣ ਆਉਂਦਾ ਹੈ ਕਿ ਅਜਿਹਾ ਨੇਕ ਪੁਰਸ਼ ਸੰਸਾਰ ਤੇ ਆਇਆ ਅਰ ਆਪਣਾ ਸਮਾਂ ਬਿਤਾ ਕੇ ਚਲਾ ਭੀ ਗਿਆ, ਪਰ ਲੋਕਾਂ ਨੇ ਉਸ ਦੇ ਪ੍ਰਕਾਸ਼ ਤੋਂ ਕੁਝ ਭੀ ਲਾਭ ਨਾ ਉਠਾਇਆ।

ਬਾਬਾ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਾਬਤ ਕਰ ਗਏ ਹਨ ਕਿ ਅਕਾਸ਼-ਬਾਣੀ ਕਦੇ ਭੀ ਬੰਦ ਨਹੀਂ ਹੋ ਸਕਦੀ, ਅਤੇ

ਈਸ਼ਵਰੀ ਨਿਸ਼ਾਨ ਰੱਬੀ-ਜੀਉੜਿਆਂ ਰਾਹੀਂ ਸਦਾ ਹੀ ਪਰਗਟ ਹੁੰਦੇ ਰਹਿਣਗੇ। ਉਹ ਇਸ ਗੱਲ ਦੀ ਗਵਾਹੀ ਦੇ ਗਏ ਹਨ ਕਿ **'ਇਸਲਾਮ' ਦੀ ਦੁਸ਼ਮਣੀ 'ਨੂਰ' ਦੀ ਦੁਸ਼ਮਣੀ ਹੈ।**

ਬਾਬਾ ਜੀ ਵਾਂਗ ਮੈਂ ਭੀ ਇਸ ਗਲ ਦਾ ਤਜਰਬੇਕਾਰ ਹਾਂ ਕਿ ਈਸ਼ਵਰ ਦੀ ਅਕਾਸ਼ ਬਾਣੀ ਇਸ ਜ਼ਮਾਨੇ ਵਿਚ ਭੀ ਬੰਦ ਨਹੀਂ; ਸਗੋਂ ਈਸ਼ਵਰ ਜਿਵੇਂ ਪਹਿਲਾਂ ਬੋਲਦਾ ਸੀ, ਹੁਣ ਭੀ ਬੋਲਦਾ ਹੈ; ਜਿਸ ਤਰ੍ਹਾਂ ਪਹਿਲਾਂ ਸੁਣਦਾ ਸੀ, ਹੁਣ ਭੀ ਸੁਣਦਾ ਹੈ। ਇਹ ਕਦੇ ਨਹੀਂ ਹੋ ਸਕਦਾ ਕਿ ਹੁਣ ਉਸ ਦੀ ਬੋਲਣ-ਸ਼ਕਤੀ ਜਾਂਦੀ ਰਹੀ ਹੋਵੇ। ਮੈਨੂੰ ਲਗਭਗ ਤੀਹ ਵਰ੍ਹੇ ਤੋਂ ਈਸ਼ਵਰੀ ਆਕਾਸ਼ ਬਾਣੀ ਹੋ ਰਹੀ ਹੈ। ਮੇਰੇ ਹਥ ਤੇ ਉਸ ਨੇ ਆਪਣੇ ਸੈਂਕੜੇ ਨਿਸ਼ਾਨ ਪਰਗਟ ਕੀਤੇ ਹਨ,ਜੋ ਹਜ਼ਾਰਾਂ ਗਵਾਹਾਂ ਦੇ ਦੇਖਣ ਵਿਚ ਆ ਚੁਕੇ ਹਨ। ਕੋਈ ਅਜਿਹੀ ਕੌਮ ਨਹੀਂ, ਜੋ ਮੇਰੇ ਕਿਸੇ ਨਾ ਕਿਸੇ ਨਿਸ਼ਾਨ ਦੀ ਗਵਾਹ ਨਾ ਹੋਵੇ।

ਸੋ ਬਾਵਜੂਦ ਇੰਨੀਆਂ ਉਪਰਥੱਲੀ ਗਵਾਹੀਆਂ ਦੇ ਆਰੀਆ ਸਮਾਜ ਦੀ ਇਹ ਗੱਲ, ਕਿ ਵੇਦਾਂ ਤੋਂ ਪਿਛੋਂ ਅਕਾਸ਼-ਬਾਣੀ ਬੰਦ ਹੈ, ਕਿਵੇਂ ਮੰਨ ਲਈ ਜਾਏ। ਵੇਦਾਂ ਤੋਂ ਪਿਛੋਂ ਕਿੱਸਿਆਂ ਤੇ ਸਾਰਾ ਦਾਰੋਮਦਾਰ ਹੈ; ਇਸ ਅਕੀਦੇ ਨੂੰ ਮੁਖ ਰਖ ਕੇ ਹੀ ਆਰੀਆ ਸਮਾਜੀ ਸੱਜਣ ਆਖਦੇ ਹਨ ਕਿ ਵੇਦਾਂ ਤੋਂ ਬਿਨਾਂ ਸੰਸਾਰ ਵਿਚ ਜਿੰਨੀਆਂ ਭੀ ਕਿਤਾਬਾਂ ਇਲਹਾਮੀ ਆਖੀਆਂ ਜਾਂਦੀਆਂ ਹਨ, ਉਹ ਸਭ ਮਨੁਖੀ ਦਿਮਾਗ ਦੀ ਕਾਢ ਹਨ; ਹਾਲਾਂਕਿ ਉਹ ਕਿਤਾਬਾਂ ਵੇਦਾਂ ਵਿਚੋਂ ਭੀ ਆਪਣੀ ਸੱਚਾਈ ਦਾ ਚੋਖਾ ਸਬੂਤ ਪੇਸ਼ ਕਰਦੀਆਂ ਹਨ ਤੇ ਈਸ਼ਵਰ ਦੀ ਸੱਚਾਈ ਦਾ ਹੱਥ ਓਹਨਾਂ ਨਾਲ ਹੈ ਤੇ ਈਸ਼੍ਵਰੀ ਨਿਸ਼ਾਨ ਓਹਨਾਂ ਦੀ ਸੱਚਾਈ

ਦੇ ਗਵਾਹ ਹਨ। ਫੇਰ ਕ੍ਰੀ ਕਾਰਨ ਹੈ ਕਿ ਅਸੀਂ ਵੇਦਾਂ ਨੂੰ ਤਾਂ ਈਸ਼੍ਵਰੀ ਬਾਣੀ ਸਮਝ ਲਈਏ ਤੇ ਓਹਨਾਂ ਕਿਤਾਬਾਂ ਨੂੰ ਮਨੁੱਖੀ। ਚੂੰਕਿ ਈਸ਼੍ਵਰ ਸਰਬ ਸ਼ਕਤੀਮਾਨ ਹੈ; ਇਸ ਲਈ ਅਕਲ ਭੀ ਇਸੇ ਹੀ ਗੱਲ ਨੂੰ ਪਸੰਦ ਕਰਦੀ ਹੈ ਕਿ ਉਹ ਆਪਣੀ ਹੋਂਦ ਨੂੰ ਸਾਬਤ ਕਰਨ ਲਈ ਕੇਵਲ ਇਕ ਕਿਤਾਬ ਉੱਤੇ ਹੀ ਸੰਕੋਚ ਨਾ ਕਰੇ; ਸਗੋਂ ਹਰ ਦੇਸ਼ ਵਿਚੋਂ ਆਪਣੇ ਨਬੀ ਚੁਣ ਕੇ ਓਹਨਾਂ ਨੂੰ ਅਕਾਸ਼ ਬਾਣੀ ਪ੍ਰਦਾਨ ਕਰੇ, ਤਾਂ ਜੁ ਮਨੁੱਖ, ਜੋ ਭਰਮਾਂ ਵਿਚ ਛੇਤੀ ਫਸ ਜਾਂਦਾ ਹੈ, ਉਸ ਦੇ ਸੱਚੇ ਧਨ ਨੂੰ ਪ੍ਰਾਪਤ ਕਰ ਲਵੇ।

ਮਨੁੱਖੀ ਅਕਲ ਇਸ ਗੱਲ ਨੂੰ ਮੰਨਣ ਲਈ ਕਦੇ ਭੀ ਤਿਆਰ ਨਹੀਂ ਕਿ ਉਹ ਪ੍ਰਮਾਤਮਾ, ਜੋ ਅਖਲ ਭਵਨ ਦਾ ਸਿਰਜਨਹਾਰ ਹੈ, ਅਥਵਾ ਜੋ ਆਪਣੇ ਸੂਰਜ ਦੁਆਰਾ ਪੂਰਬ ਤੇ ਪੱਛਮ ਨੂੰ ਰੋਸ਼ਨ ਕਰਦਾ ਹੈ ਅਤੇ ਆਪਣੀ ਮਿਹਰ ਨਾਲ ਹਰ ਦੇਸ਼ ਨੂੰ ਹਰ ਲੋੜ ਸਮੇਂ ਤ੍ਰਿਪਤ ਕਰਦਾ ਹੈ, ਉਹ ਮਨੁੱਖ ਜਾਤੀ ਦੀ ਆਤਮਕ ਪਾਲਣਾ ਕਰਨ ਵਿਚ ਅਜਿਹਾ ਤੰਗਦਿਲ ਤੇ ਕੰਜੂਸ ਹੋਵੇ ਕਿ ਸਦਾ ਉਸ ਨੂੰ ਇਕੋ ਦੇਸ, ਇੱਕੋ ਕੌਮ ਤੇ ਇੱਕੋ ਹੀ ਬੋਲੀ ਪਸੰਦ ਆਵੇ। ਮੈਂ ਸਮਝ ਨਹੀਂ ਸਕਦਾ ਕਿ ਇਹ ਕਿਸ ਕਿਸਮ ਦਾ ਮਨਘੜਤ ਫ਼ਲਸਫ਼ਾ ਹੈ ਕਿ ਪ੍ਰਮੇਸ਼੍ਵਰ ਹਰੇਕ ਮਨੁੱਖ ਦੀ ਪ੍ਰਾਰਥਨਾ ਤੇ ਅਰਦਾਸ, ਉਸ ਦੀ ਬੋਲੀ ਵਿਚ ਬਿਨਾਂ ਕਿਸੇ ਰੋਕ-ਟੋਕ ਦੇ ਸਮਝ ਤਾਂ ਲੈਂਦਾ ਹੈ, ਪਰ ਉਹ ਵੇਦਾਂ ਤੋਂ ਬਿਨਾਂ ਕਿਸੇ ਨਾਲ ਬੋਲਣੋਂ ਘ੍ਰਿਣਾ ਕਰਦਾ ਹੈ। ਇਸ ਫ਼ਲਾਸਫ਼ੀ ਅਥਵਾ ਵੇਦਕ ਵਿੱਦਿਆ ਨੂੰ ਹੁਣ ਤਕ ਕੋਈ ਮਨੁੱਖ ਹਲ ਨਹੀਂ ਕਰ ਸਕਿਆ।

ਮੈਂ ਇਸ ਦਾ ਦੋਸ਼ੀ ਵੇਦਾਂ ਨੂੰ ਨਹੀਂ ਮੰਨਦਾ, ਕਿ ਓਹਨਾਂ ਨੇ ਅਜਿਹੀ ਸਿੱਖਿਆ ਦਿੱਤੀ ਹੈ, ਜੋ ਅਕਲ ਦੇ ਉਲਟ ਹੋਣ ਤੋਂ ਬਿਨਾਂ ਪ੍ਰਮੇਸ਼੍ਵਰ ਦੀ 'ਅਖਲ ਭਵਨ ਦੇ ਸਿਰਜਨਹਾਰ' ਹੋਣ ਦੀ ਪਦਵੀ ਤੇ ਦਾਗ਼ ਲਾਉਂਦੀ ਹੋਵੇ; ਸਗੋਂ ਅਸਲ ਗਲ ਇਹ ਹੈਕਿ ਜਦ ਕਿਸੇ ਇਲਹਾਮੀ ਕਿਤਾਬ ਤੇ ਢੇਰ ਸਮਾਂ ਗੁਜ਼ਰ ਜਾਂਦਾ ਹੈ, ਤਾਂ ਕਈ ਲੋਕ ਅਗਿਆਨ ਸਦਕਾ ਤੇ ਕਈ ਆਪਣੀ ਖ਼ੁਦਗ਼ਰਜ਼ੀ ਦੇ ਕਾਰਨ ਉਸ ਕਿਤਾਬ ਪੁਰ ਆਪਣੀ ਵੱਲੋਂ ਹਾਸ਼ੀਏ ਚੜ੍ਹਾਉਂਦੇ ਹਨ ਅਰ ਚੂੰਕਿ ਹਾਸ਼ੀਏ ਚੜ੍ਹਾਉਣ ਵਾਲੇ ਅੱਡੋ ਅੱਡ ਖਿਆਲਾਂ ਦੇ ਬੰਦੇ ਹੁੰਦੇ ਹਨ; ਇਸ ਲਈ ਇਕ ਮਤ ਦੇ ਅਨੇਕਾਂ ਮਤ ਬਣ ਜਾਂਦੇ ਹਨ।

ਇਹ ਗੱਲ ਅਜੀਬ ਹੈ ਕਿ ਜਿਸ ਤਰ੍ਹਾਂ ਆਰੀਆ ਸੱਜਣ ਇਹ ਨਿਸਚਾ ਰਖਦੇ ਹਨ ਕਿ ਸਦਾ ਤੋਂ ਆਰੀਆ ਘਰਾਣੇ, ਅਥਵਾ ਆਰੀਆ ਵਰਤ ਵਿਚ ਹੀ ਅਕਾਸ਼ ਬਾਣੀ (ਇਲਹਾਮ) ਦਾ ਸਿਲਸਿਲਾ ਰਿਹਾ; ਹਮੇਸ਼ਾਂ ਤੋਂ ਵੇਦਕ ਸੰਸਕ੍ਰਿਤ ਬੋਲੀ ਹੀ ਅਕਾਸ਼ ਬਾਣੀ ਲਈ ਮੁਕਰਰ ਰਹੀ; ਸੰਸਕ੍ਰਿਤ ਹੀ ਪ੍ਰਮੇਸ਼੍ਵਰ ਦੀ ਜ਼ਬਾਨ ਹੈ। ਇਹੋ ਖ਼ਿਆਲ ਸਾਡੇ ਯਹੂਦੀ ਭਰਾਵਾਂ ਦਾ, ਆਪਣੇ ਘਰਾਣੇ ਤੇ ਆਪਣੀਆਂ ਕਿਤਾਬਾਂ ਬਾਰੇ ਹੈ; ਉਹ ਭੀ ਈਸ਼੍ਵਰ ਦੀ ਅਸਲੀ ਜ਼ਬਾਨ ਇਬਰਾਨੀ ਬੋਲੀ ਹੀ ਸਮਝਦੇ ਹਨ ਤੇ ਇਹੋ ਨਿਸਚਾ ਰਖਦੇ ਹਨ ਕਿ ਹਮੇਸ਼ਾ ਅਕਾਸ਼ ਬਾਣੀ ਦਾ ਸਿਲਸਿਲਾ ਬਨੀ ਇਸ੍ਰਾਈਲ ਕੌਮ ਤੇ ਉਸ ਦੇ ਦੇਸ ਤਕ ਹੀ ਮਹਿਦੂਦ ਰਿਹਾ। ਇਹੋ ਕਾਰਨ ਹੈ ਕਿ ਜਿਸ ਰੱਬੀ-ਜੀਉੜੇ ਨੇ ਓਹਨਾਂ ਦੇ ਘਰਾਣੇ ਤੇ ਬੋਲੀ ਤੋਂ ਅੱਡ ਹੋ ਕੇ ਨਬੀ ਜਾਂ ਰਸੂਲ ਹੋਣ ਦਾ ਦਾਵ੍ਹਾ ਕੀਤਾ, ਓਹਨਾਂ ਨੇ ਉਸ ਨੂੰ ਝੂਠਾ ਸਮਝਿਆ।

ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਇਹਨਾਂ ਦੋਹਾਂ ਕੌਮਾਂ ਨੇ ਇੱਕੋ ਹੀ ਨਿਸਚਾ ਧਾਰਨ ਕੀਤਾ ਹੈ। ਇਹਨਾਂ ਤੋਂ ਛੁੱਟ ਇਸ ਸੰਸਾਰ ਵਿਚ ਹੋਰ ਭੀ ਅਨੇਕਾਂ ਸੰਪ੍ਰਦਾਵਾਂ ਹਨ, ਜੋ ਇਹਨਾਂ ਹੀ ਖਿਆਲਾਂ ਦੀਆਂ ਧਾਰਨੀ ਹਨ; ਜਿਹਾ ਕਿ ਪਾਰਸੀ, ਜੋ ਆਪਣੇ ਮਤ ਦੀ ਨੀਂਹ ਵੇਦਾਂ ਤੋਂ ਕਈ ਅਰਬ ਸਾਲ ਪਹਿਲਾਂ ਦੀ ਦਸਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਹ ਖਿਆਲ (ਕਿ ਸਦਾ ਲਈ ਆਪਣੇ ਦੇਸ਼, ਆਪਣੇ ਘਰਾਣੇ, ਆਪਣੀ ਪੁਸਤਕ ਤੇ ਆਪਣੀ ਬੋਲੀ ਨੂੰ ਹੀ ਅਕਾਸ਼ ਬਾਣੀ ਲਈ ਨੀਯਤ ਕਰ ਲੈਣਾ) ਕੇਵਲ ਪੱਖਪਾਤ ਤੇ ਅਗਿਆਨ ਕਰਕੇ ਹੈ।

ਭਾਵੇਂ ਕਈ ਜ਼ਮਾਨੇ ਅਜਿਹੇ ਲੰਘੇ ਹਨ, ਜਦ ਇਕ ਕੌਮ ਦੂਜੀ ਕੌਮ ਦੇ ਹਾਲਾਤ ਤੋਂ, ਤੇ ਇਕ ਦੇਸ ਦੂਜੇ ਦੇਸ ਦੀ ਹੋਂਦ ਤੋਂ ਬੇਖਬਰ ਸੀ। ਪਰ ਇਸ ਖਿਆਲ ਨਾਲ ਸਾਰੇ ਹੀ ਸਹਿਮਤ ਹਨ, ਅਰਥਾਤ ਹਰ ਕੌਮ ਨੇ ਆਪਣੀ ਈਸ਼ਵਰੀ ਪੁਸਤਕ ਅਥਵਾ ਅਵਤਾਰ ਬਾਰੇ ਇਹੋ ਨਿਸਚਾ ਧਾਰਨ ਕੀਤਾ ਕਿ ਈਸ਼ਵਰ ਵਲੋਂ ਜੋ ਕੁਝ ਗਿਆਨ ਹੋਣਾ ਚਾਹੀਦਾ ਸੀ, ਉਹ ਇਹੋ ਹੈ। ਈਸ਼ਵਰੀ ਪੁਸਤਕ ਕੇਵਲ ਇਸੇ ਦੇਸ ਤੇ ਕੌਮ ਨੂੰ ਹੀ ਦਿਤੀ ਗਈ ਹੈ; ਬਾਕੀ ਸਾਰਾ ਜਗਤ ਇਸ ਤੋਂ ਸੱਖਣਾ ਹੈ।

ਇਸ ਗਲਤ ਖਿਆਲ ਨੇ ਸੰਸਾਰ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਅਸਲ ਵਿਚ ਸਾਡੀ ਆਪਸ ਵਿਚ ਦੀ ਖਿਚੋਤਾਣ ਤੇ ਵੈਰ-ਵਿਰੋਧ ਦਾ ਮੂਲ ਕਾਰਨ ਇਹੋ ਖਿਆਲ ਹੈ। ਢੇਰ ਸਮੇਂ ਤਕ ਇਕ ਕੌਮ ਦੂਜੀ ਕੌਮ ਤੋਂ ਲੁਪਤ ਰਹੀ; ਇਕ ਦਸ ਦੂਜੇ ਦੇਸ ਦੀ ਅੱਖੋਂ ਉਹਲੇ ਰਿਹਾ; ਇੱਥੋਂ ਤਕ ਕਿ

ਆਰੀਆ ਵਰਤ ਦੇ ਵਿਦਵਾਨਾਂ ਦਾ ਖ਼ਿਆਲ ਸੀ ਕਿ ਹਿਮਾਲਾ ਪਰਬਤ ਤੋਂ ਪਾਰ ਕੋਈ ਵੱਸੋਂ ਹੀ ਨਹੀਂ। ਹੁਣ ਈਸ਼੍ਵਰ ਨੇ ਵਿਚਲਾ ਪਰਦਾ ਚੁਕ ਦਿਤਾ ਹੈ ਅਤੇ ਧਰਤੀ ਦੀ ਵੱਸੋਂ ਬਾਰੇ ਲੋਕਾਂ ਦੇ ਬੜੇ ਬੜੇ ਖਿਆਲ ਹੋ ਗਏ, ਪਰ ਉਹ ਇਕ ਅਜਿਹਾ ਸਮਾਂ ਸੀ, ਜਦ ਕਿ ਕੁਲ ਗ਼ਲਤ ਖ਼ੂਬੀਆਂ ਜੋ ਈਸ਼੍ਵਰੀ ਪੁਸਤਕਾਂ ਤੇ ਆਪਣੇ ਰਿਸ਼ੀਆਂ, ਮੁਨੀਆਂ, ਅਵਤਾਰਾਂ (ਤੇ ਨਬੀਆਂ ਰਸੂਲਾਂ) ਬਾਬਤ ਲੋਕਾਂ ਨੇ ਆਪਣੇ ਦਿਲੋਂ ਘੜ ਕੇ ਆਪਣੇ ਅਕੀਦਿਆਂ ਵਿਚ ਲਿਆ ਵਾੜੀਆਂ ਸਨ, ਓਹ ਇਹਨਾਂ ਦੇ ਦਿਲਾਂ ਵਿਚ ਪੱਥਰ ਤੇ ਉਕਰੇ ਅੱਖਰਾਂ ਵਾਂਗ ਧਸ ਗਈਆਂ ਸਨ। ਹਰ ਕੌਮ ਇਹੋ ਖਿਆਲ ਕਰਦੀ ਸੀ ਕਿ ਸਦਾ ਵਾਸਤੇ ਈਸ਼੍ਵਰ ਦੀ ਪਿਆਰੀ ਥਾਂ ਓਹਨਾਂ ਦਾ ਹੀ ਦੇਸ਼ ਹੈ। ਚੂੰਕਿ ਇਹਨੀਂ ਦਿਨੀਂ ਆਮ ਤੌਰ ਤੇ ਪਸ਼ੂ-ਬਿਰਤੀ ਪਰਧਾਨ ਸੀ,ਅਰ ਇਕ ਪੁਰਾਣੀ ਰਸਮ ਦੀ ਵਿਰੋਧਤਾ ਦਾ ਉੱਤਰ ਤਲਵਾਰ ਨਾਲ ਦਿੱਤਾ ਜਾਂਦਾ ਸੀ; ਇਸ ਲਈ ਕਿਸ ਦੀ ਮਜਾਲ ਸੀ ਕਿ ਹਰ ਕੌਮ ਦੀ ਕਠੋਰਤਾ ਦੇ ਜੋਸ਼ ਨੂੰ ਠੰਢਾ ਕਰ ਕੇ ਓਹਨਾਂ ਵਿਚ ਸੁਲਹ-ਸਫ਼ਾਈ ਕਰਾਉਂਦਾ ? ਗੋਤਮ ਬੁਧ ਜੀ ਨੇ ਭੀ ਇਸੇ ਏਕਤਾ ਦਾ ਇਰਾਦਾ ਕੀਤਾ ਸੀ, ਅਥਵਾ ਉਹ ਇਸ ਨੂੰ ਠੁਕਰਾਉਂਦੇ ਸਨ ਕਿ ਜੋ ਕੁਝ ਹਨ, ਵੇਦ ਹੀ ਹਨ ਤੇ ਵੇਦਾਂ ਤੋਂ ਅੱਗੇ ਕੁਝ ਭੀ ਨਹੀਂ; ਨਾ ਹੀ ਉਹ ਕਿਸੇ ਦੇਸ਼, ਕੌਮ ਜਾਂ ਘਰਾਣੇ ਦੀ ਜਾਤੀ ਉੱਚਤਾ ਨੂੰ ਮੰਨਦੇ ਸਨ; ਉਹ ਇਹਨਾਂ ਖਿਆਲਾਂ ਦੇ ਉਲਟ ਸਨ ਕਿ ਵੇਦਾਂ ਤੋਂ ਛੁੱਟ ਕੋਈ ਅਕਾਸ਼ ਬਾਣੀ ਨਹੀਂ; ਅਤੇ ਬ੍ਰਾਹਮਣ ਹੀ ਅਕਾਸ਼ ਬਾਣੀ ਲਈ ਸਦਾ ਵਾਸਤੇ ਈਸ਼੍ਵਰੀ ਅਦਾਲਤ ਵਿਚ ਰਜਿਸਟ੍ਰਡ ਹੋ ਚੁਕੇ ਹਨ। ਇਸੇ ਕਰਕੇ ਓਹਨਾਂ ਨੂੰ ਬ੍ਰਾਹਮਣਾਂ ਦੀ ਵਿਰੋਧਤਾ ਤੋਂ

ਡਾਢਾ ਦੁਖੀ ਹੋਣਾ ਪਿਆ; ਓਹਨਾਂ ਦਾ ਨਾਂ ਨਾਸਤਕ (ਦਹਿਰੀਆ) ਰੱਖਿਆ ਗਿਆ; ਜਿਵੇਂ ਕਿ ਅੱਜ ਕਲ ਯੂਰਪ ਤੇ ਅਮਰੀਕਾ ਦੇ ਸਭ ਸੱਚ ਦੇ ਖੋਜੀ—ਜੋ ਹਜ਼ਰਤ ਈਸਾ ਜੀ ਨੂੰ ਰੱਬ ਮੰਨਣ ਤੋਂ ਇਨਕਾਰੀ ਹਨ, ਅਥਵਾ ਓਹਨਾਂ ਦੇ ਦਿਲ ਇਸ ਗੱਲ ਨੂੰ ਨਹੀਂ ਮੰਨਦੇ ਕਿ ਈਸ਼੍ਵਰ ਨੂੰ ਭੀ ਲੋਕ ਸੂਲੀ ਟੰਗ ਸਕਦੇ ਹਨ—ਸਾਡੇ ਪਾਦਰੀ ਭਰਾਵਾਂ ਦੇ ਖਿਆਲਾਂ ਅਨੁਸਾਰ ਨਾਸਤਕ ਹਨ। ਬਸ, ਇਸੇ ਤਰ੍ਹਾਂ ਹੀ ਮਹਾਤਮਾ ਬੁਧ ਨੂੰ ਭੀ ਨਾਸਤਕ ਆਖਿਆ ਗਿਆ, ਜੋ ਮੂਰਖ ਵਿਰੋਧੀਆਂ ਦਾ ਤਰੀਕਾ ਹੈ। ਆਮ ਲੋਕਾਂ ਨੂੰ ਉਸ ਤੋਂ ਘ੍ਰਿਣਾ ਦਿਵਾਉਣ ਵਾਸਤੇ ਉਸ ਤੇ ਬਹੁਤ ਊਜਾਂ ਲਾਈਆਂ ਗਈਆਂ। ਅੰਤ ਸਿੱਟਾ ਇਹ ਹੋਇਆ ਕਿ ਬੁਧ ਜੀ ਨੂੰ ਆਪਣੇ ਦੇਸ ਆਰੀਆ ਵਰਤ ਵਿਚੋਂ ਕਢਿਆ ਗਿਆ। ਹੁਣ ਤਕ ਭੀ ਸਾਡੇ ਹਿੰਦੂ ਭਰਾ ਬੁਧ ਮਤ ਦੀ ਕਾਮਯਾਬੀ ਨੂੰ ਘ੍ਰਿਣਤ ਨਜ਼ਰ ਨਾਲ ਦੇਖਦੇ ਹਨ। ਹਜ਼ਰਤ ਈਸਾ ਜੀ ਦੇ ਇਸ ਕਥਨ ਮੂਜਬ—

"ਨਬੀ ਬੇਇਜ਼ਤ ਨਹੀਂ, ਪਰ ਆਪਣੇ ਦੇਸ ਵਿਚ ।"

ਮਹਾਤਮਾ ਬੁਧ ਜੀ ਨੇ ਦੂਜੇ ਦੇਸਾਂ ਵਿਚ ਜਾ ਕੇ ਚੋਖੀ ਕਾਮਯਾਬੀ ਪ੍ਰਾਪਤ ਕੀਤੀ। ਆਖਿਆ ਜਾਂਦਾ ਹੈ ਕਿ ਸੰਸਾਰ ਦਾ ਤੀਜਾ ਹਿੱਸਾ ਬੁਧ ਮਤ ਨਾਲ ਭਰਪੂਰ ਹੈ। ਭਾਵੇਂ ਇਹ ਮਤ ਜਨੂਬੀ ਰੂਸ ਤੇ ਅਮਰੀਕਾ ਤਕ ਫੈਲਿਆ ਹੋਇਆ ਹੈ, ਪਰ ਇਸ ਦੇ ਮੰਨਣ ਵਾਲੇ ਲੋਕਾਂ ਦੀ ਗਿਣਤੀ ਅਨੁਸਾਰ ਚੀਨ ਤੇ ਜਾਪਾਨ ਇਸ ਦਾ ਕੇਂਦਰ ਅਸਥਾਨ ਹੈ।

ਹੁਣ ਮੈਂ ਆਪਣੇ ਅਸਲ ਮੰਤਵ ਵਲ ਆਉਂਦਾ ਹਾਂ। ਜਿਨ੍ਹਾਂ ਸਮਿਆਂ ਵਿਚ ਇਕ ਮਤ ਦੂਜੇ ਮਤ ਤੋਂ ਬੇਖਬਰ ਸੀ, ਉਸ ਸਮੇਂ ਇਹ ਜ਼ਰੂਰੀ ਗੱਲ ਸੀ ਕਿ ਹਰੇਕ ਕੌਮ ਆਪਣੇ ਮਤ

ਤੇ ਆਪਣੀ ਪੁਸਤਕ ਉੱਤੇ ਹੀ ਸਾਰਾ ਦਾਰੋਮਦਾਰ ਰੱਖਦੀ। ਪਰ ਇਸ ਦਾ ਓੜਕ ਇਹ ਸਿੱਟਾ ਨਿਕਲਿਆ ਕਿ ਜਦ ਇਕ ਦੇਸ ਨੂੰ ਦੂਜੇ ਦੇਸ ਦੀ ਹੋਂਦ ਦਾ ਪਤਾ ਲੱਗਾ ਅਰ ਅੱਡੋ ਅੱਡ ਦੇਸਾਂ ਦੇ ਲੋਕ ਇਕ ਦੂਜੇ ਦੇ ਮਤ ਤੋਂ ਜਾਣੂੰ ਹੋਏ, ਤਾਂ ਓਹਨਾਂ ਨੂੰ ਇਕ ਦੂਜੇ ਦੇਸ਼ ਦੇ ਮਤ ਦੀ ਤਸਦੀਕ ਕਰਨ ਦੀ ਔਕੜ ਪੈ ਗਈ; ਕਿਉਂਕਿ ਹਰ ਇਕ ਮਤ ਵਿਚ ਟਪਲਿਆਂ ਤੇ ਭੁਲੇਖਿਆਂ ਸਦਕਾ ਜੋ ਵਡੱਪਣ ਤੇ ਉੱਚਤਾ ਕਾਇਮ ਹੋ ਚੁਕੀ ਸੀ, ਉਸ ਦਾ ਦੂਰ ਕਰਨਾ ਸੌਖਾ ਕੰਮ ਨਹੀਂ ਸੀ; ਇਸ ਲਈ ਹਰ ਮਤ ਦੇ ਸੱਜਣਾਂ ਨੇ ਆਪਣੇ ਸਮਕਾਲੀ ਮਤ ਦੀ ਵਿਰੋਧਤਾ ਕਰਨ ਲਈ ਕਮਰ ਕਸੇ ਕਰ ਲਏ, ਅਰ ਇਸ ਦੇ ਨਾਲ ਹੀ 'ਮੇਰੇ ਵਰਗਾ ਹੋਰ ਕੋਈ ਨਹੀਂ' ਦਾ ਝੰਡਾ ਖੜਾ ਕਰ ਦਿਤਾ ਗਿਆ। ਪੀਰਾਂ, ਪੈਗ਼ੰਬਰਾਂ ਤੇ ਅਵਤਾਰਾਂ ਆਦਿ ਦੇ ਸਿਲਸਿਲੇ ਨੂੰ ਆਪਣੇ ਆਪਣੇ ਘਰਾਣੇ ਦੀ ਹਦਬੰਦੀ ਵਿਚ ਕੈਦ ਕਰ ਲਿਆ ਗਿਆ, ਅਰ ਆਪਣੇ ਮਤ ਦੀ ਏਡੀ ਲੰਮੀ ਤਰੀਕ ਦੱਸੀ ਗਈ ਕਿ ਵੇਦਕ-ਸੰਮਤ ਦੱਸਣ ਵਾਲੇ ਭਰਾ ਭੀ ਓਹਨਾਂ ਅੱਗੇ ਸ਼ਰਮਿੰਦੇ ਹੋ ਗਏ।

ਦੂਜੇ ਬੰਨੇ ਸਾਡੇ ਇਬਰਾਨੀ ਭਰਾਵਾਂ ਨੇ ਤਾਂ ਹੱਦ ਹੀ ਕਰ ਛੱਡੀ ਕਿ ਈਸ਼੍ਵਰ ਦੀ ਤਖਤ-ਗਾਹ ਸਦਾ ਲਈ ਸ਼ਾਮ ਦੇਸ ਨੂੰ ਮੁਕਰਰ ਕਰ ਦਿੱਤਾ; ਓਹਨਾਂ ਦੇ ਖਿਆਲਾਂ ਅਨੁਸਾਰ ਸਦਾ ਲਈ ਓਹਨਾਂ ਦੇ ਮਹਾਤਮਾ ਹੀ ਦੇਸ-ਬਦੇਸ ਦੇ ਸੁਧਾਰਕ ਬਣਨ ਲਈ ਚੁਣੇ ਗਏ ਤੇ ਓਹਨਾਂ ਦੇ ਘਰਾਣਿਆਂ ਤੋਂ ਛੁੱਟ ਜਿਹੜੇ ਭੀ, ਅਕਾਸ਼ ਬਾਣੀ ਦਾ ਦਾਵ੍ਹਾ ਕਰਨ ਵਾਲੇ, ਸੁਧਾਰਕ ਉਠੇ—ਉਹ ਸਭ ਝੂਠੇ ਸਨ।

ਇਸੇ ਤਰ੍ਹਾਂ ਹੀ ਆਰੀਆ ਵਰਤ ਵਿਚ ਭੀ ਇੱਨ ਬਿਨ ਇਹੋ ਖਿਆਲ ਪ੍ਰਚਲਤ ਹੋ ਗਏ, ਜੋ ਬਨੀ ਇਸਰਾਈਲੀਆਂ ਵਿਚ ਪ੍ਰਚਲਤ ਸਨ। ਇਹਨਾਂ ਦੇ ਨਿਸਚੇ ਅਨੁਸਾਰ ਈਸ਼੍ਵਰ ਕੇਵਲ ਆਰੀਆ ਵਰਤ ਦਾ ਹੀ ਰਾਜਾ ਹੈ ਅਰ ਰਾਜਾ ਭੀ ਅਜਿਹਾ ਕਿ ਉਸ ਨੂੰ ਦੂਜੇ ਦੇਸਾਂ ਦੀ ਸੁਧ ਹੀ ਨਹੀਂ। ਬਿਨਾਂ ਕਿਸੇ ਦਲੀਲ ਦੇ ਇਹ ਮੰਨਿਆ ਜਾਂਦਾ ਹੈ ਕਿ ਜਦ ਤੋਂ ਪ੍ਰਮੇਸ਼੍ਵਰ ਹੈ, ਉਸ ਨੂੰ ਆਰੀਆ ਵਰਤ ਦਾ ਹੀ ਪੌਣ-ਪਾਣੀ ਪਸੰਦ ਆਇਆ ਹੈ। ਉਹ ਇਹ ਗੱਲ ਹਰਗਿਜ਼ ਨਹੀਂ ਚਾਹੁੰਦਾ ਕਿ ਦੂਜੇ ਦੇਸਾਂ ਦਾ ਭੀ ਦੌਰਾ ਕਰੇ ਤੇ ਓਹਨਾਂ ਬਿਚਾਰਿਆਂ ਦੀ ਵੀ ਸਾਰ ਲਵੇ, ਕਿ ਜਿਨ੍ਹਾਂ ਨੂੰ ਰਚ ਕੇ ਭੁਲ ਗਿਆ ਹੋਇਆ ਹੈ।

ਮਿੱਤਰੋ ! ਰੱਬ ਦੇ ਵਾਸਤੇ, ਵਿਚਾਰੋ ! ਕਿ ਕੀ ਇਹ ਅਕੀਦੇ ਮਨੁੱਖੀ ਸੁਭਾਉ ਦੇ ਅਨੁਕੂਲ, ਅਥਵਾ ਮੰਨਣ ਯੋਗ ਹਨ, ਜਾਂ ਕੋਈ ਕਾਮਨਸੈਨਸ ਇਹਨਾਂ ਨੂੰ ਆਪਣੇ ਅੰਦਰ ਥਾਂ ਦੇ ਸਕਦੀ ਹੈ। ਪਤਾ ਨਹੀਂ ਲਗਦਾ ਕਿ ਇਹ ਕਿਸ ਕਿਸਮ ਦੀ ਅਕਲਮੰਦੀ ਹੈ, ਇਕ ਪਾਸੇ ਤਾਂ ਈਸ਼੍ਵਰ ਨੂੰ ਕੁਲ ਜਗਤ ਦਾ ਈਸ਼੍ਵਰ ਮੰਨਿਆ ਜਾਂਦਾ ਹੈ ਤੇ ਦੂਜੇ ਬੰਨੇ ਉਸੇ ਮੂੰਹ ਨਾਲ ਇਹ ਭੀ ਆਖਿਆ ਜਾਂਦਾ ਹੈ ਕਿ ਉਹ ਕੁਲ ਜਗਤ ਦੀ ਪਾਲਣਾ ਕਰਨ ਤੋਂ ਅਸਮਰਥ ਹੈ; ਕੇਵਲ ਇਕ ਖਾਸ ਦੇਸ ਅਰ ਕੌਮ ਤੇ ਹੀ ਉਸ ਦੀ ਕਿਰਪਾਲਤਾ ਦਾ ਹੱਥ ਹੈ।

ਅਕਲਮੰਦੋ ! ਤੁਸੀਂ ਖੁਦ ਹੀ ਇਨਸਾਫ਼ ਕਰੋ ਕਿ ਈਸ਼੍ਵਰ ਦੇ ਸਰੀਰਕ ਕਾਨੂਨਿ-ਕੁਦਰਤ ਵਿਚ ਇਸ ਕਿਸਮ ਦੇ ਵਿਤਕਰੇ ਦੀ ਗਵਾਹੀ ਮਿਲਦੀ ਹੈ? ਜੇ ਨਹੀਂ, ਤਾਂ ਫਿਰ ਉਸ ਦੇ ਆਤਮਕ-ਕਾਨੂਨ ਵਿਚ ਕਿਉਂ ਪਖਪਾਤ ਪਾਇਆ ਜਾਵੇ ?

ਜੇ ਅਕਲ ਤੋਂ ਕੰਮ ਲਿਆ ਜਾਵੇ ਤਾਂ ਹਰ ਇਕ ਕੰਮ ਦੀ ਭਲਾਈ ਜਾਂ ਬੁਰਾਈ ਉਸ ਦੇ ਸਿੱਟੇ ਤੋਂ ਭੀ ਮਲੂਮ ਹੋ ਜਾਂਦੀ ਹੈ। ਬਸ, ਮੈਨੂੰ ਇਹ ਗੱਲ ਆਖਣ ਦੀ ਲੋੜ ਨਹੀਂ ਕਿ ਈਸ਼੍ਵਰ ਦੇ ਓਹਨਾਂ ਬਜ਼ੁਰਗ ਨਬੀਆਂ ਨੂੰ, ਜਿਨ੍ਹਾਂ ਦੀ ਗੁਲਾਮੀ ਅਰ ਫ਼ਰਮਾਂਬਰਦਾਰੀ ਵਿਚ ਹਰ ਮਤ ਅਰ ਫਿਰਕੇ ਦੇ ਕਰੋੜਾਂ ਇਨਸਾਨ ਹਨ, ਗਾਲ੍ਹਾਂ ਕਢ ਕੇ ਓਹਨਾਂ ਦੀ ਹੱਤਕ ਕਰਨ ਦਾ ਕੀ ਸਾਨੂੰ ਸਿੱਟਾ ਨਿਕਲੇਗਾ? ਤੇ ਇਸ ਦਾ ਕੀ ਫਲ ਭੁਗਤਣਾ ਪਵੇਗਾ? ਕਿਉਂਕਿ ਸੰਸਾਰ ਵਿਚ ਕੋਈ ਭੀ ਕੌਮ ਅਜਿਹੀ ਨਹੀਂ, ਜੋ ਇਸ ਦਾ ਥੋੜ੍ਹਾ ਬਹੁਤਾ ਨਤੀਜਾ ਨਾ ਭੁਗਤ ਚੁਕੀ ਹੋਵੇ।

ਪਿਆਰੇ ਭਰਾਓ! ਪੁਰਾਣੇ ਤਜਰਬੇ ਤੇ ਮੁੜ ਮੁੜ ਦੀ ਪ੍ਰੀਖਿਆ ਨੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ਕਿ ਕਿਸੇ ਭੀ ਕੌਮ ਦੇ ਨਬੀ ਜਾਂ ਰਸੂਲ ਨੂੰ ਬੁਰੇ ਲਫ਼ਜ਼ਾਂ ਨਾਲ ਯਾਦ ਕਰਨਾ ਅਥਵਾ ਉਸ ਨੂੰ ਗਾਲ੍ਹਾਂ ਦੇਣੀਆਂ, ਇਕ ਅਜਿਹਾ ਮਹੁਰਾ ਹੈ ਜੋ ਨਾ ਕੇਵਲ ਸਰੀਰ ਦਾ ਹੀ ਨਾਸ ਕਰਦਾ ਹੈ; ਸਗੋਂ ਆਤਮਾ ਦਾ ਭੀ ਸਤਿਆਨਾਸ ਕਰ ਕੇ ਲੋਕ-ਪ੍ਰਲੋਕ ਗੁਆ ਦਿੰਦਾ ਹੈ। ਉਹ ਦੇਸ ਆਰਾਮ ਨਾਲ ਜੀਵਨ ਬਤੀਤ ਨਹੀਂ ਕਰ ਸਕਦਾ, ਜਿਸਦੇ ਵਸਨੀਕ ਇਕ ਦੂਜੇ ਦੇ ਰਹਿਬਰ ਤੇ ਰੀਦੀਨੁਕਤਾਚੀਨੀ ਕਰਨ ਵਿਚ ਤੇ ਉਸ ਦੇ ਨੁਕਸ ਕਢਣ ਵਿਚ ਰੁਝੇ ਹੋਏ ਹੋਣ। ਓਹਨਾਂ ਕੌਮਾਂ ਦੇ ਲੋਕਾਂ ਵਿਚ ਕਦੇ ਭੀ ਸਚੀ ਏਕਤਾ ਨਹੀਂ ਹੋ ਸਕਦੀ, ਜੋ ਇਕ ਦੂਜੇ ਦੇ ਨਬੀ, ਰਿਸ਼ੀ ਜਾਂ ਅਵਤਾਰ ਨੂੰ ਬਦਜ਼ਬਾਨੀ ਅਥਵਾ ਅਯੋਗ ਸ਼ਬਦਾਂ ਨਾਲ ਯਾਦ ਕਰ

ਰਹਿੰਦੇ ਹੋਣ । ਆਪਣੇ ਅਵਤਾਰ ਜਾਂ ਨਬੀ ਦੀ ਬੇਪਤੀ ਸੁਣ ਕੇ ਕਿਸ ਨੂੰ ਜੋਸ਼ ਨਹੀਂ ਆਉਂਦਾ ? ਖਾਸ ਕਰਕੇ ਮੁਸਲਮਾਨਾਂ ਦੀ ਇਕ ਅਜਿਹੀ ਕੌਮ ਹੈ, ਜੋ ਆਪਣੇ ਨਬੀ ਨੂੰ ਈਸ਼੍ਵਰ ਜਾਂ ਈਸ਼੍ਵਰ ਦਾ ਪੁੱਤਰ ਤਾਂ ਨਹੀਂ ਬਣਾਉਂਦੀ, ਪਰ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੂੰ ਓਹਨਾਂ ਕੁਲ ਮਹਾਂ ਪੁਰਖਾਂ ਤੋਂ ਉੱਚਾ ਜਾਣਦੀ ਹੈ, ਜੋ ਮਾਤਾ ਦੇ ਗਰਭ ਤੋਂ ਉਤਪੰਨ ਹੋਏ । ਬਸ, ਇਕ ਸੱਚੇ ਮੁਸਲਮਾਨ ਨਾਲ ਸੁਲਹ ਕਰਨੀ ਬਿਨਾਂ ਇਸ ਸੂਰਤ ਦੇ ਕਿਸੇ ਹਾਲਤ ਵਿਚ ਵੀ ਸੰਭਵ ਨਹੀਂ ਕਿ ਉਸ ਦੇ ਪਰਮ ਪਿਆਰੇ ਨਬੀ ਨੂੰ, ਜਦ ਭੀ ਗਲ-ਬਾਤ ਹੋਵੇ, ਸੋਹਣੇ ਤੇ ਪਵਿੱਤਰ ਸ਼ਬਦਾਂ ਨਾਲ ਯਾਦ ਕੀਤਾ ਜਾਵੇ ।

ਅਸੀਂ ਦੂਜੀਆਂ ਕੌਮਾਂ ਦੇ ਬਜ਼ੁਰਗਾਂ ਬਾਰੇ ਕਦੇ ਭੀ ਬਦ-ਜ਼ਬਾਨੀ ਨਹੀਂ ਕਰਦੇ; ਸਗੋਂ ਸਾਡਾ ਇਹ ਮਜ਼ਹਬੀ ਅਕੀਦਾ ਹੈ ਕਿ ਸੰਸਾਰ ਦੀਆਂ ਵੱਖੋ ਵੱਖ ਕੌਮਾਂ ਵਿਚ ਜਿੰਨੇ ਭੀ ਨਬੀ ਜਾਂ ਅਵਤਾਰ ਆਏ, ਉਹ ਸਭ ਰੱਬ ਦੇ ਪਿਆਰੇ ਸਨ;ਕਿਉਂ ਜੁ ਬੇਅੰਤ ਲੋਕ ਉਨ੍ਹਾਂ ਨੂੰ ਮੰਨਦੇ ਹਨ ਤੇ ਸੰਸਾਰ ਦੇ ਕਈ ਹਿੱਸਿਆਂ ਵਿਚ ਅਜੇ ਤਕ ਓਹਨਾਂ ਦੀ ਮੁਹੱਬਤ ਅਰ ਇੱਜ਼ਤ ਦੇ ਨਿਸ਼ਾਨ ਮਿਲਦੇ ਹਨ;ਭਾਵੇਂ ਉਸ ਮੁਹੱਬਤ ਤੇ ਯਕੀਨ ਪੁਰ ਇਕ ਜ਼ਮਾਨਾ ਗੁਜ਼ਰ ਗਿਆ ਹੈ । ਬਸ, ਇਹੋ ਇਕ ਦਲੀਲ ਓਹਨਾਂ ਦੀ ਸੱਚਾਈ ਲਈ ਕਾਫੀ ਹੈ; ਕਿਉਂਕਿ ਜੇ ਓਹ ਈਸ਼ਵਰ ਵਲੋਂ ਨਾ ਹੁੰਦੇ, ਤਾਂ ਬੇਅੰਤ ਲੋਕਾਂ ਦੇ ਦਿਲਾਂ ਤੇ ਓਹਨਾਂ ਦਾ ਰਾਜ ਕਦੇ ਨਾ ਹੁੰਦਾ । ਈਸ਼ਵਰ ਆਪਣੇ ਪਿਆਰਿਆਂ ਦੀ ਇਜ਼ਤ ਦੂਜਿਆਂ ਨੂੰ ਕਦੇ ਨਹੀਂ ਦਿੰਦਾ, ਅਰ ਜੇ ਕੋਈ ਝੂਠਾ ਇਸ ਅਸਥਾਨ

ਤੇ ਬੈਠਣ ਦੀ ਕੋਸ਼ਸ਼ ਕਰੇ, ਤਾਂ ਝਬਦੇ ਹੀ ਤਬਾਹ ਹੋ ਜਾਂਦਾ ਹੈ।

ਇਸੇ ਅਸੂਲ ਅਨੁਸਾਰ ਅਸੀਂ ਵੇਦਾਂ ਨੂੰ ਭੀ ਈਸ਼ਵਰੀ ਪੁਸਤਕ ਮੰਨਦੇ ਹਾਂ, ਅਰ ਓਹਨਾਂ ਦੇ ਰਿਸ਼ੀਆਂ ਨੂੰ ਬਜ਼ੁਰਗ ਤੇ ਮਹਾਤਮਾ ਸਮਝਦੇ ਹਾਂ; ਭਾਵੇਂ ਅਸੀਂ ਦੇਖਦੇ ਹਾਂ ਕਿ ਵੇਦਕ-ਸਿੱਖਿਆ ਕਿਸੇ ਭੀ ਫਿਰਕੇ ਨੂੰ ਪੂਰੀ ਤਰ੍ਹਾਂ ਈਸ਼ਵਰ-ਭਗਤ ਅਥਵਾ "ਖੁਦਾ-ਪ੍ਰਸਤ" ਨਹੀਂ ਬਣਾ ਸਕੀ; ਅਰ ਨਾ ਹੀ ਬਣਾ ਸਕਦੀ ਸੀ। ਜੋ ਲੋਕ ਇਸ ਦੇਸ ਵਿਚ ਬੁਤ-ਪ੍ਰਸਤ, ਅੱਗ-ਪ੍ਰਸਤ, ਸੂਰਜ-ਪ੍ਰਸਤ; ਜਾਂ ਗੰਗਾ ਦੀ ਪੂਜਾ ਕਰਨ ਵਾਲੇ ਅਤੇ ਹਜ਼ਾਰਾ ਦੇਵੀ-ਦੇਵਤਿਆਂ ਦੇ ਪੁਜਾਰੀ, ਜੈਨ-ਮਤ ਵਾਲੇ, ਮਿਲਦੇ ਹਨ, ਉਹ ਸਭ ਆਪਣੇ ਧਰਮ ਨੂੰ ਵੇਦਕ ਧਰਮ ਹੀ ਦਸਦੇ ਹਨ। ਵੇਦ ਇਕ ਅਜਿਹੇ ਪੁਸਤਕ ਹਨ ਕਿ ਸਾਰੇ ਫ਼ਿਰਕੇ ਇਨ੍ਹਾਂ ਵਿਚੋਂ ਹੀ ਆਪਣੇ ਆਪਣੇ ਮਤਲਬ ਕਢਦੇ ਹਨ। ਪਰ ਫੇਰ ਭੀ ਈਸ਼੍ਵਰੀ ਉਪਦੇਸ਼ ਅਨੁਸਾਰ ਸਾਡਾ ਇਹ ਪੱਕਾ ਯਕੀਨ ਹੈ ਕਿ ਵੇਦ ਮਨੁੱਖੀ-ਇਫ਼ਤਰਾ ਨਹੀਂ, ਕਿਉਂ ਜੁ ਮਨੁੱਖੀ-ਇਫ਼ਤਰਾ ਵਿਚ ਇਹ ਤਾਕਤ ਨਹੀਂ ਕਿ ਕਰੋੜਾਂ ਬੰਦਿਆਂ ਨੂੰ ਆਪਣੇ ਵਲ ਖਿਚ ਸਕੇ ਅਤੇ ਸਦਾ ਵਾਸਤੇ ਇਕ ਲੰਮਾ ਸਿਲਸਿਲਾ ਬਣਾ ਦੇਵੇ। ਭਾਵੇਂ ਅਸਾਂ ਵੇਦਾਂ ਵਿਚ ਪੱਥਰ-ਪੂਜਾ ਦਾ ਜ਼ਿਕਰ ਨਹੀਂ ਪੜ੍ਹਿਆ, ਪਰ ਇਸ ਵਿਚ ਕੋਈ ਸ਼ੱਕ ਨਹੀਂ, ਕਿ ਅਗਨੀ, ਵਾਯੂ, ਤੇ ਚੰਦ, ਸੂਰਜ ਆਦਿ ਪਦਾਰਥਾਂ ਦੀ ਪੂਜਾ ਨਾਲ ਵੇਦ ਭਰਪੂਰ ਹਨ, ਅਰ ਬਿਨਾਂ ਕਿਸੇ ਰੋਕ ਟੋਕ ਦੇ ਇਹਨਾਂ ਚੀਜ਼ਾਂ ਨੂੰ ਪੂਜਣ ਦੀ ਆਮ ਖੁਲ੍ਹ ਹੈ।

ਹੁਣ ਇਸ ਗੱਲ ਦਾ ਫੈਸਲਾ ਕੌਣ ਕਰੇ ਕਿ ਹਿੰਦੂਆਂ ਦੇ ਦੂਜੇ ਪੁਰਾਤਨ (ਸਨਾਤਨੀ) ਫ਼ਿਰਕੇ ਸਾਰੇ ਹੀ ਝੂਠੇ ਹਨ ਅਤੇ ਕੇਵਲ ਇਕ ਨਵਾਂ ਫ਼ਿਰਕਾ ਆਰੀਆ ਸਮਾਜੀਆਂ ਦਾ ਹੀ ਸੱਚਾ ਹੈ। ਜੋ ਲੋਕ ਵੇਦਕ ਹਵਾਲਿਆਂ ਨਾਲ ਇਹਨਾਂ ਚੀਜ਼ਾਂ ਦੀ ਪੂਜਾ ਕਰ ਰਹੇ ਹਨ, ਓਹਨਾਂ ਪਾਸ ਇਹ ਪੱਕੀ ਦਲੀਲ ਹੈ ਕਿ ਵੇਦਾਂ ਵਿਚ ਇਹਨਾਂ ਚੀਜ਼ਾਂ ਦੀ ਪੂਜਾ ਕਰਨ ਦਾ ਚੋਖਾ ਜ਼ਿਕਰ ਹੈ ਅਰ ਕਿਤੇ ਭੀ ਰੋਕ ਨਹੀਂ। ਇਹ ਕਹਿਣਾ ਕਿ ਇਹ ਸਭ ਪ੍ਰਮੇਸ਼੍ਵਰ ਦੇ ਨਾਂ ਹਨ, ਕੇਵਲ ਇਕ ਦਾਵ੍ਹਾ ਹੈ, ਜੋ ਅਜੇ ਸਫ਼ਾਈ ਨਾਲ ਹਲ ਨਹੀਂ ਹੋਇਆ। ਜੇ ਹੋ ਜਾਂਦਾ ਤਾਂ ਕੋਈ ਕਾਰਨ ਨਹੀਂ ਕਿ ਬਨਾਰਸ ਆਦਿ ਸ਼ਹਿਰਾਂ ਦੇ ਵੱਡੇ ਵੱਡੇ ਪੰਡਿਤ ਆਰੀਆ ਸਮਾਜੀਆਂ ਦੇ ਅਸੂਲਾਂ ਨੂੰ ਨਾ ਮੰਨਦੇ। ਬਾਵਜੂਦ ੩੦-੩੫ ਵਰ੍ਹਿਆਂ ਦੀ ਕੋਸ਼ਿਸ਼ ਦੇ ਬਹੁਤ ਹੀ ਘੱਟ ਹਿੰਦੂਆਂ ਨੇ ਆਰੀਆ ਮਤ ਧਾਰਨ ਕੀਤਾ ਹੈ। ਸਨਾਤਨ ਧਰਮ ਤੇ ਹੋਰ ਹਿੰਦੂ ਫ਼ਿਰਕਿਆਂ ਦੇ ਮੁਕਾਬਲੇ ਤੇ ਆਰੀਆ ਮਤ ਵਾਲੇ ਬਹੁਤ ਥੋੜੇ ਹਨ ਅਤੇ ਨਾ ਹੀ ਓਹਨਾਂ ਦਾ ਦੂਜੇ ਹਿੰਦੂ ਫ਼ਿਰਕਿਆਂ ਤੇ ਕੋਈ ਖਾਸ ਅਸਰ ਹੈ। ਇਸੇ ਤਰ੍ਹਾਂ ਹੀ ਨਿਯੋਗ ਦੀ ਸਿੱਖਿਆ ਵੇਦਕ-ਸਿਖਿਆ ਦੇ ਅਨੁਕੂਲ ਆਖੀ ਜਾਂਦੀ ਹੈ। ਇਹ ਉਹ ਗੱਲ ਹੈ ਕਿ ਜਿਸ ਨੂੰ ਮਨੁੱਖੀ ਅਣਖ ਤੇ ਸੱਭਿਤਾ ਨਹੀਂ ਮੰਨਦੀ। ਪਰ ਜਿਵੇਂ ਮੈਂ ਹੁਣੇ ਹੀ ਬਿਆਨ ਕੀਤਾ ਹੈ ਕਿ ਅਸੀਂ ਨਹੀਂ ਮੰਨਦੇ ਕਿ ਅਸਲ ਵਿਚ ਇਹ ਵੇਦਕ-ਸਿੱਖਿਆ ਹੈ; ਸਗੋਂ ਸਾਡੀ ਨੇਕਨੀਅਤੀ ਬੜੇ ਜ਼ੋਰ ਨਾਲ ਸਾਨੂੰ ਇਹ ਮਨਾਉਂਦੀ ਹੈ ਕਿ ਅਜਿਹੇ ਉਪਦੇਸ਼ ਕਿਸੇ ਜਾਤੀ ਗਰਜ਼ ਵਾਸਤੇ ਵੇਦਾਂ ਦੇ ਮੱਥੇ ਮੜ੍ਹੇ ਗਏ ਹਨ। ਚੂੰਕਿ ਵੇਦਾਂ ਤੇ ਹਜ਼ਾਰਾਂ ਵਰ੍ਹੇ ਬੀਤ ਚੁਕੇ

ਹਨ; ਇਸ ਲਈ ਸੰਭਵ ਹੈ ਕਿ ਆਪੋ ਆਪਣੇ ਸਮੇਂ ਵਿਚ ਕਈ ਭਾਸ਼ਕਾਰਾਂ ਨੇ ਕਈ ਕਿਸਮ ਦਾ ਵਾਧਾ-ਘਾਟਾ ਕੀਤਾ ਹੋਵੇ। ਬਸ, ਸਾਡੇ ਲਈ ਵੇਦਾਂ ਦੀ ਸੱਚਾਈ ਬਾਰੇ ਇਹੋ ਦਲੀਲ ਕਾਫ਼ੀ ਹੈ ਕਿ ਆਰੀਆ ਵਰਤ ਦੇ ਕਈ ਕਰੋੜਾਂ ਮਨੁੱਖ ਹਜ਼ਾਰਾਂ ਵਰ੍ਹਿਆਂ ਤੋਂ ਇਹਨਾਂ ਨੂੰ ਈਸ਼੍ਵਰ ਦੀ ਬਾਣੀ ਮੰਨਦੇ ਹਨ, ਅਰ ਇਹ ਅਸੰਭਵ ਹੈ ਕਿ ਅਜਿਹੀ ਇੱਜ਼ਤ ਕਿਸੇ ਕੱਚੀ ਅਥਵਾ ਝੂਠੀ ਬਾਣੀ ਨੂੰ ਹਾਸਲ ਹੋ ਸਕੇ।

ਫੇਰ ਜਦ ਅਸੀਂ ਸਾਰੇ ਦੁਖ ਸਹਿ ਕੇ ਅਤੇ ਈਸ਼੍ਵਰ ਤੋਂ ਡਰ ਕੇ ਵੇਦਾਂ ਨੂੰ ਈਸ਼੍ਵਰੀ ਗਿਆਨ ਜਾਣਦੇ ਹਾਂ ਅਥਵਾ ਇਸ ਦੇ ਉਪਦੇਸ਼ਾਂ ਵਿਚ ਜੋ ਊਣਤਾਈਆਂ ਹਨ, ਉਹ ਭਾਸ਼ਕਾਰਾਂ ਦੀਆਂ ਸਮਝਦੇ ਹਾਂ, ਤਾਂ ਕੁਰਾਨ ਸ਼ਰੀਫ ਜੇਹੀ ਪਵਿੱਤਰ ਕਿਤਾਬ ਪੁਰ—ਜੋ ਆਦਿ ਤੋਂ ਅੰਤ ਤਕ ਤੌਹੀਦ ਨਾਲ ਭਰਪੂਰ ਹੈ, ਅਰ ਕਿਸੇ ਥਾਂ ਭੀ ਸੂਰਜ ਤੇ ਚੰਦ ਆਦਿਕਾਂ ਦੀ ਪੂਜਾ ਦਾ ਉਪਦੇਸ਼ ਨਹੀਂ ਦਿੰਦਾ; ਸਗੋਂ ਸਾਫ਼ ਅਖਰਾਂ ਵਿਚ ਆਖਦੀ ਹੈ:—

ਲਾ ਤਸਜਦੂ ਲਿੱਸ਼ਮਸਾ ਵਲਾ ਲਿਲ ਕਮਰਾ,
ਵੱਸਜਦੱਲਾਹਿੱਲਜ਼ੀ ਖ਼ਾਲਕਾਹੁੰਨਾ।

ਅਰਥਾਤ—ਸੂਰਜ-ਚੰਦ ਜਾਂ ਕਿਸੇ ਹੋਰ ਜੀਵ-ਜੰਤ ਦੀ ਪੂਜਾ ਨਾ ਕਰੋ; ਸਗੋਂ ਉਸ ਪ੍ਰਮਾਤਮਾ ਨੂੰ ਪੂਜੋ, ਜੋ ਸਭ ਦਾ ਸਿਰਜਨਹਾਰ ਅਥਵਾ ਕਰਤਾ ਪੁਰਖ ਹੈ। ਇਸ ਤੋਂ ਛੁੱਟ ਕੁਰਾਨ ਸ਼ਰੀਫ਼ ਈਸ਼੍ਵਰ ਦੇ ਨਵੇਂ ਪੁਰਾਣੇ ਨਿਸ਼ਾਨਾਂ ਦੀ ਗਵਾਹੀ ਵੀ ਆਪਣੇ ਨਾਲ ਰਖਦਾ ਹੈ ਅਤੇ ਉਸ ਅਖਲ ਭਵਨ ਦੇ ਸਿਰਜਨਹਾਰ ਦੀ ਹੋਂਦ ਸਾਬਤ ਕਰਨ ਲਈ ਇਕ ਸ੍ਵਛ ਸ਼ੀਸ਼ਾ

ਹੈ—ਕਿਉਂ ਪਸ਼ੂਆਂ ਵਾਂਗ ਬੇਜਾ ਹਮਲੇ ਕੀਤੇ ਜਾਣ ? ਕਿਉਂ ਨਹੀਂ ਉਹੋ ਹੀ ਮਾਮਲਾ ਸਾਡੇ ਨਾਲ ਭੀ ਕੀਤਾ ਜਾਂਦਾ, ਜੋ ਅਸੀਂ ਆਰੀਆ ਭਰਾਵਾਂ ਨਾਲ ਕਰਦੇ ਹਾਂ ? ਕਿਉਂ ਸਾਡੀ ਪਵਿੱਤਰ ਕਿਤਾਬ ਤੇ ਪਿਆਰੇ ਨਬੀ ਤੇ ਅਯੋਗ ਟੀਕਾ ਟਪਣੀ ਕਰ ਕੇ ਦੇਸ ਵਿਚ ਵੈਰ-ਵਿਰੋਧ ਤੇ ਮਜ਼ਬੀ ਖਿੱਚੋ-ਤਾਣ ਦਾ ਬੀਜ ਬੀਜਿਆ ਜਾਂਦਾ ਹੈ ? ਕੀ ਅਜਿਹੇ ਤ੍ਰੀਕੇ ਤੋਂ ਵੀ ਕਿਸੇ ਚੰਗੇ ਸਿੱਟੇ ਦੀ ਆਸ ਹੋ ਸਕਦੀ ਹੈ ? ਕੀ ਇਹ ਮਾਮਲਾ ਚੰਗਾ ਹੈ ਕਿ ਇਕ ਫੁਲ ਦੇਵੇ, ਅਰ ਦੂਜਾ ਉਸ ਨੂੰ ਪੱਥਰ ਮਾਰੇ, ਅਥਵਾ ਜੋ ਦੁਧ ਦਿੰਦਾ ਹੋਵੇ ਉਸ ਤੇ ਪਿਸ਼ਾਬ ਸੁੱਟਿਆ ਜਾਵੇ।

ਜੇ ਸਾਡੇ ਹਿੰਦੂ ਤੇ ਸਮਾਜੀ ਭਰਾ ਇਸ ਕਿਸਮ ਦੀ ਏਕਤਾ ਲਈ ਤਿਆਰ ਹੋਣ ਕਿ ਉਹ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ ਨੂੰ ਈਸ਼੍ਵਰ ਦਾ ਸੱਚਾ ਅਵਤਾਰ (ਨਬੀ) ਮੰਨ ਲੈਣ ਅਰ ਅੱਗੋਂ ਲਈ ਉਨ੍ਹਾਂ ਦੀ ਹੱਤਕ ਕਰਨੀ ਛੱਡ ਦੇਣ, ਤਾਂ ਮੈਂ ਸਭ ਤੋਂ ਪਹਿਲਾਂ ਇਸ ਇਕਰਾਰਨਾਮੇ ਤੇ ਦਸਤਖਤ ਕਰਨ ਲਈ ਤਿਆਰ ਹਾਂ ਕਿ ਅਸੀਂ ਅਹਿਮਦੀ ਸਿਲਸਿਲੇ ਦੇ ਲੋਕ ਸਦਾ ਵੇਦਾਂ ਨੂੰ ਸੱਚਾ ਮੰਨਾਂਗੇ, ਅਰ ਓਹਨਾਂ ਦੇ ਰਿਸ਼ੀਆਂ ਦਾ ਨਾਂ ਪ੍ਰੇਮ ਤੇ ਸਤਿਕਾਰ ਨਾਲ ਲਿਆ ਕਰਾਂਗੇ (ਜਿਵੇਂ ਕਿ ਮੰਨਣ ਵਾਲੇ ਲਿਆ ਕਰਦੇ ਹਨ) ਜੇ ਅਸੀਂ ਅਜਿਹਾ ਨਾ ਕਰੀਏ, ਤਾਂ ਇਕ ਵੱਡੀ ਰਕਮ ਜੋ ਤਿੰਨ ਲੱਖ ਰੁਪਈਏ ਤੋਂ ਘੱਟ ਨਹੀਂ ਹੋਵੇਗੀ, ਹਿੰਦੂ ਭਰਾਵਾਂ ਅਗੇ ਡੰਨ ਭਰਾਂਗੇ। ਜੇ ਹਿੰਦੂ ਭਰਾ ਸੱਚੇ ਦਿਲ ਨਾਲ ਸਫ਼ਾਈ ਕਰਨਾ ਚਾਹੁੰਦੇ ਹਨ ਤਾਂ ਉਹ ਭੀ ਅਜਿਹਾ ਹੀ ਇਕਰਾਰ ਲਿਖ ਕੇ ਉਸ ਤੇ ਦਸਤਖਤ

ਕਰ ਦੇਣ, ਅਰ ਉਸ ਦਾ ਮਜ਼ਮੂਨ ਭੀ ਇਹ ਹੋਵੇ ਕਿ ਅਸੀਂ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੀ ਨਬੁੱਵਤ ਅਰ ਰਸਾਲਤ ਨੂੰ ਮੰਨਦੇ ਹਾਂ ਅਤੇ ਆਪ ਨੂੰ ਸੱਚਾ ਨਬੀ ਤੇ ਰਸੂਲ ਸਮਝਦੇ ਹਾਂ । ਅਗੇ ਲਈ ਆਪ ਦਾ ਸਤਿਕਾਰ ਕਰਦੇ ਹੋਏ ਪ੍ਰੇਮ ਨਾਲ ਯਾਦ ਕੀਤਾ ਕਰਾਂਗੇ, (ਜਿਵੇਂ ਕਿ ਮੰਨਣ ਵਾਲਿਆਂ ਲਈ ਯੋਗ ਹੈ) ਜੇ ਅਸੀਂ ਅਜਿਹਾ ਨਾ ਕਰੀਏ, ਤਾਂ ਇਕ ਵੱਡੀ ਰਕਮ, ਜੋ ਤਿੰਨ ਲਖ ਰੁਪਈਏ ਤੋਂ ਘੱਟ ਨਹੀਂ ਹੋਵੇਗੀ, ਜਮਾਤ ਅਹਿਮਦੀਆ ਦੇ ਜਥੇਦਾਰ ਅਗੇ ਡੰਨ ਭਰਾਂਗੇ ।* ਮੇਰੇ ਖਿਆਲ ਵਿਚ ਅਜਿਹੇ ਵਡੇ ਕੰਮ ਲਈ ਤਿੰਨ ਲਖ ਰੁਪਈਆ ਕੋਈ ਵੱਡੀ ਗੱਲ ਨਹੀਂ । ਜਿਹੜੇ ਸਜਣ ਮੇਰੀ ਜਮਾਤ ਵਿਚ ਸ਼ਾਮਲ ਨਹੀਂ, ਓਹ ਚੂੰਕਿ ਕਿਸੇ ਜਥੇਬੰਦੀ ਵਿਚ ਨਹੀਂ ਤੇ ਨਾ ਹੀ ਓਹਨਾਂ ਦਾ ਕੋਈ ਅਜਿਹਾ ਆਗੂ ਹੀ ਹੈ ਕਿ ਜਿਸ ਦੇ ਓਹ ਅਧੀਨ ਹੋਣ ਅਥਵਾ ਜੋ ਓਹਨਾਂ ਦਾ ਜਥੇਦਾਰ ਕਿਹਾ ਜਾਂਦਾ

---

*ਉਹ ਲੋਕ ਜੋ ਹਿੰਦੂ ਮੁਸਲਿਮ ਏਕੇ ਦੇ ਚਾਹਵਾਨ ਹਨ, ਹਜ਼ਰਤ ਮਿਰਜ਼ਾ ਸਾਹਿਬ ਦੇ ਇਨ੍ਹਾਂ ਸ਼ੁਭ ਬਚਨਾਂ ਉੱਤੇ ਵਿਚਾਰ ਕਰਨ । ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੁਸਤਾਨ ਦੀ ਉੱਨਤੀ ਹਿੰਦੂ ਮੁਸਲਿਮ ਏਕੇ ਦੇ ਨਾਲ ਹੀ ਸੰਬੰਧਤ ਹੈ, ਪਰ ਇਹ ਗੱਲ ਭੀ ਪਕੀ ਹੈ ਕਿ ਜਦ ਤਕ ਹਿੰਦੁਸਤਾਨ ਦੀਆਂ ਇਹਨਾਂ ਮਹਾਨ ਵੱਡੀਆਂ ਦੋਹਾਂ ਕੌਮਾਂ ਦੇ ਦਿਲ ਆਪਸ ਵਿਚ ਨਹੀਂ ਜੁੜਦੇ, ਤਦ ਤਕ ਸਚੀ ਏਕਤਾ ਕਾਇਮ ਨਹੀਂ ਹੋ ਸਕਦੀ । ਸੋ ਦਿਲਾਂ ਨੂੰ ਜੋੜਨ ਵਾਸਤੇ ਸ੍ਰੀ ਨਿਹਕਲੰਕ ਜੀ ਮਹਾਰਾਜ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਦਾ ਤਜਵੀਜ਼ ਕੀਤਾ ਨੁਸਖ਼ਾ ਕਾਮਯਾਬ ਸਾਬਤ ਹੋਵੇਗਾ:ਕਿਉਂਕਿ ਜਦ ਇਹ ਦੋਵੇਂ ਕੌਮਾਂ ਇਕ ਦੂਜੇ ਦੇ ਬਜ਼ੁਰਗਾਂ ਨੂੰ ਅਪਣਾ ਲੈਣਗੀਆਂ ਤਾਂ ਫਿਰ ਫੂਟ ਨੂੰ ਕੋਈ ਰਾਹ ਨਹੀਂ ਰਹੇਗਾ । ਕਾਸ਼ ! ਹਿੰਦੁਸਤਾਨ ਦੀ ਭਲਾਈ ਢੂੰਡਣ ਵਾਲੇ ਤੇ ਇਸ ਨੂੰ ਉੱਨਤੀ ਦੇ ਸਿਖਰ ਤੇ ਪਹੁੰਚਿਆ ਦੇਖਣ ਦੇ ਚਾਹਵਾਂਨ ਹਜ਼ਰਤ ਮਿਰਜ਼ਾ ਸਾਹਿਬ ਦੇ ਉਪਦੇਸ਼ ਨੂੰ ਠੰਢੇ ਦਿਲ ਨਾਲ ਵਿਚਾਰਨ ਤੇ ਇਸ ਪੁਰ ਵਰਤੋਂ ਕਰਨ ਲਈ ਆਪਣੇ ਆਪ ਨੂੰ ਤੇ ਆਪਣੇ ਦੂਜੇ ਭਰਾਵਾਂ ਨੂੰ ਤਿਆਰ ਕਰਨ । (ਉਲਥਾਕਾਰ)

ਹੋਵੇ; ਇਸ ਲਈ ਮੈਂ ਓਹਨਾਂ ਬਾਰੇ ਕੁਝ ਨਹੀਂ ਆਖ ਸਕਦਾ; ਕਿਉਂਕਿ ਅਜੇ ਓਹ ਸੱਜਣ ਮੈਨੂੰ ਕਾਫ਼ਰ ਤੇ ਦੱਜਾਲ ਆਖਦੇ ਹਨ। ਪਰ ਮੈਨੂੰ ਆਸ ਹੈ ਕਿ ਜਦ ਹਿੰਦੂ ਭਰਾ ਮੇਰੇ ਨਾਲ ਅਜਿਹਾ ਅਹਿਦਨਾਮਾ ਕਰ ਲੈਣਗੇ, ਤਾਂ ਓਹ ਭੀ ਹਰਗਿਜ਼ ਅਜਿਹੀ ਭੈੜੀ ਹਰਕਤ ਨਹੀਂ ਕਰਨਗੇ ਕਿ ਆਪ ਦੀ ਪਵਿਤ੍ਰ ਕਿਤਾਬ ਤੇ ਸਤਿਕਾਰ ਯੋਗ ਰਿਸ਼ੀਆਂ ਨੂੰ ਭੈੜੇ ਸ਼ਬਦਾਂ ਨਾਲ ਯਾਦ ਕਰ ਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਗਾਲ੍ਹਾਂ ਕਢਾਉਣ। ਅਜਿਹੀਆਂ ਗਾਲ੍ਹਾਂ ਅਸਲ ਵਿਚ ਓਹਨਾਂ ਦੇ ਸਿਰ ਹੀ ਥੱਪੀਆ ਜਾਣਗੀਆਂ, ਜੋ ਅਜਿਹੀ ਹਰਕਤ ਕਰਨਗੇ। ਚੂੰਕਿ ਇਹੋ ਜੇਹੀ ਭੈੜੀ ਹਰਕਤ ਸੱਭਿਤਾ ਦੇ ਭੀ ਉਲਟ ਹੈ; ਇਸ ਲਈ ਮੈਨੂੰ ਆਸ ਨਹੀਂ ਕਿ ਓਹ ਸਜਣ ਇਸ ਅਹਿਦਨਾਮੇ ਦੇ ਪਿੱਛੋਂ ਆਪਣੀਆਂ ਜ਼ਬਾਨਾਂ ਨੂੰ ਖੋਲ੍ਹਣ। ਪਰ ਇਹ ਜ਼ਰੂਰੀ ਹੋਵੇਗਾ ਕਿ ਅਹਿਦਨਾਮੇ ਦੀ ਲਿਖਤ ਨੂੰ ਪੱਕਿਆਂ ਕਰਨ ਵਾਸਤੇ ਇਸ ਪੁਰ ਦੋਹਾਂ ਧਿਰਾਂ ਦੇ ਦਸ ਦਸ ਹਜ਼ਾਰ ਸਮਝਦਾਰ ਸੱਜਣਾਂ ਦੇ ਦਸਤਖ਼ਤ ਕਰਾਏ ਜਾਣ।

ਪਿਆਰੇ ਭਰਾਓ! ਏਕਤਾ ਜੇਹੀ ਕੋਈ ਚੀਜ਼ ਨਹੀਂ। ਆਓ ਅਸੀਂ ਇਸ ਅਹਿਦਨਾਮੇ ਰਾਹੀਂ ਇਕ ਹੋ ਜਾਈਏ, ਅਥਵਾ ਆਪਣੇ ਦੇਸ ਵਿਚ ਇਕ ਸਾਂਝੀ ਕੌਮੀਅਤ ਪੈਦਾ ਕਰਕੇ ਸਾਂਝੀ ਕੌਮ ਬਣ ਜਾਈਏ। ਤੁਸੀਂ ਦੇਖਦੇ ਹੋ ਕਿ ਆਪਸ ਵਿਚ ਦੀ ਖਿੱਚੋਤਾਣ ਸਦਕਾ ਕਿੰਨੀ ਫੁਟ ਪੈ ਗਈ ਹੈ ਅਤੇ ਸਾਡੇ ਦੇਸ ਨੂੰ ਇਸ ਫੁਟ ਨਾਲ ਕਿੰਨਾ ਨੁਕਸਾਨ ਪੁਜਾ ਹੈ। ਆਓ! ਹੁਣ ਭੀ ਪ੍ਰਤਗਿਆ ਕਰ ਲਓ। ਆਪਸ ਵਿਚ ਦੀ ਮੰਨ-ਮਨੌਤ ਦੇ ਬੜੇ ਲਾਭ ਹਨ;

ਏਕਤਾ ਦਾ ਸਭ ਤੋਂ ਚੰਗਾ ਤ੍ਰੀਕਾ ਇਹੋ ਹੈ ਕਿ ਅਸੀਂ ਤੁਹਾਡੇ ਬਜ਼ੁਰਗਾਂ ਨੂੰ ਅਪਣਾ ਕੇ ਸਤਿਕਾਰੀਏ ਤੇ ਤੁਸੀਂ ਸਾਡੇ ਬਜ਼ੁਰਗਾਂ ਨੂੰ ਅਪਣਾ ਕੇ ਸਤਿਕਾਰੋ। ਇਸ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਏਕਤਾ ਕਾਇਮ ਕਰਨੀ, ਇਸੇ ਤਰ੍ਹਾਂ ਹੈ ਜਿਵੇਂ ਇਕ ਫੋੜੇ ਨੂੰ, ਜੋ ਉਪਰੋਂ ਸਾਫ ਤੇ ਚਮਕੀਲਾ ਨਜ਼ਰ ਆਉਂਦਾ ਹੋਵੇ, ਉਸ ਦੀ ਜ਼ਾਹਰਾ ਚਮਕ ਤੇ ਖੁਸ਼ ਹੋ ਕੇ ਉਸ ਨੂੰ ਉਸੇ ਹਾਲਤ ਵਿਚ ਹੀ ਛੱਡ ਦਿਤਾ ਜਾਵੇ; ਹਾਲਾਂਕਿ ਉਸ ਦੇ ਅੰਦਰ ਸੜੀ ਹੋਈ ਤੇ ਬੋ ਵਾਲੀ ਪੀਪ ਮੌਜੂਦ ਹੋਵੇ।

ਕਈ ਲੋਕਾਂ ਦਾ ਖਿਆਲ ਹੈ ਕਿ ਅਜ ਜੋ ਖਿਚੋਤਾਣ ਵਧਦੀ ਜਾ ਰਹੀ ਹੈ, ਉਸ ਦਾ ਦਾਰੋ-ਮਦਾਰ ਕੇਵਲ ਮਜ਼ਹਬੀ ਮਤ-ਭੇਦ ਤੇ ਨਹੀਂ; ਸਗੋਂ ਹੋਰ ਕਈ ਕਾਰਨ ਹਨ, ਜੋ ਸੰਸਾਰਕ ਮਾਮਲਿਆਂ ਨਾਲ ਸੰਬੰਧਤ ਹਨ। ਹਿੰਦੂਆਂ ਦੀ ਇਹ ਸ਼ੁਰੂ ਤੋਂ ਖ਼ਾਹਿਸ਼ ਹੈ ਕਿ ਗਵਰਨਮੈਂਟ ਤੇ ਦੇਸ ਦੇ ਹੋਰ ਮਾਮਲਿਆਂ ਵਿਚ ਇਹਨਾਂ ਦਾ ਦਖਲ ਹੋਵੇ, ਜਾਂ ਘੱਟ ਤੋਂ ਘੱਟ ਇਹ ਹੋਵੇ ਕਿ ਮੁਲਕੀ ਮਾਮਲਿਆਂ ਵਿਚ ਇਹਨਾਂ ਦੀ ਰਾਇ ਲਈ ਜਾਵੇ; ਗਵਰਨਮੈਂਟ ਇਹਨਾਂ ਦੀ ਹਰ ਸ਼ਕਾਇਤ ਨੂੰ ਧਿਆਨ ਨਾਲ ਸੁਣੇ। ਗਵਰਨਮੈਂਟ ਦੇ ਵੱਡੇ ਵੱਡੇ ਅਹੁਦੇ ਅੰਗਰੇਜ਼ਾਂ ਵਾਂਗ ਇਹਨਾਂ ਦੇ ਭੀ ਹੱਥ ਲਗਣ। ਮੁਸਲਮਾਨਾਂ ਤੋਂ ਇਹ ਭੁਲ ਹੋਈ ਕਿ ਓਹ ਹਿੰਦੂਆਂ ਦੀਆਂ ਇਹਨਾਂ ਕੋਸ਼ਿਸ਼ਾਂ ਵਿਚ ਸਹਾਈ ਨਾ ਹੋਏ ਅਰ ਖਿਆਲ ਕੀਤਾ ਕਿ ਅਸੀਂ ਹਿੰਦੂਆਂ ਨਾਲੋਂ ਘੱਟ ਗਿਣਤੀ ਵਿਚ ਹਾਂ। ਨਾਲ ਹੀ ਇਹ ਭੀ ਸੋਚਿਆ ਕਿ ਇਹਨਾਂ ਸਭ ਕੋਸ਼ਸ਼ਾਂ ਦਾ ਜੇ ਕੁਝ ਲਾਭ ਹੋਵੇਗਾ, ਤਾਂ ਉਹ ਮੁਸਲਮਾਨਾਂ

ਨੂੰ ਨਹੀਂ ਹੋਵੇਗਾ; ਸਗੋਂ ਹਿੰਦੂਆਂ ਨੂੰ ਹੋਵੇਗਾ; ਇਸ ਲਈ ਮੁਸਲਮਾਨ ਨਾ ਕੇਵਲ ਸ਼ਾਮਲ ਹੀ ਨਾ ਹੋਏ; ਬਲਕਿ ਹਿੰਦੂਆਂ ਦੀ ਵਿਰੋਧਤਾ ਕਰ ਕੇ ਓਹਨਾਂ ਦੀਆਂ ਕੋਸ਼ਿਸ਼ਾਂ ਵਿਚ ਰੋੜਾ ਸਾਬਤ ਹੋਏ, ਜਿਸ ਕਰਕੇ ਆਪਸ ਵਿਚ ਦੀ ਖਿੱਚੋਤਾਣ ਹੋਰ ਵਧ ਗਈ।

ਮੈਂ ਇਹ ਗੱਲ ਮੰਨਦਾ ਹਾਂ ਕਿ ਇਸ ਸਦਕਾ ਭੀ ਅਸਲ ਵਿਰੋਧਤਾ ਤੇ ਹਾਸ਼ੀਏ ਚੜ੍ਹ ਗਏ ਹਨ। ਪਰ ਮੈਂ ਇਹ ਗੱਲ ਕਦੇ ਭੀ ਨਹੀਂ ਮੰਨਾਂਗਾ ਕਿ ਅਸਲ ਕਾਰਨ ਇਹੋ ਹੈ ਅਥਵਾ ਮੈਨੂੰ ਓਹਨਾਂ ਸੱਜਣਾਂ ਨਾਲ ਸੰਮਤੀ ਨਹੀਂ ਜੋ ਇਹ ਆਖਦੇ ਹਨ ਕਿ ਹਿੰਦੂ ਮੁਸਲਮਾਨਾਂ ਦੀ ਆਪਸ ਵਿਚ ਦੀ ਖਿਚੋਤਾਣ ਦਾ ਕਾਰਣ ਮਜ਼ਬੀ ਬਖੇੜੇ ਨਹੀਂ; ਸਗੋਂ ਪੋਲੀਟੀਕਲ ਝਗੜੇ ਹਨ।

ਇਹ ਗੱਲ ਹਰੇਕ ਸੱਜਣ ਸੁਖੈਨ ਹੀ ਸਮਝ ਸਕਦਾ ਹੈ ਕਿ ਮੁਸਲਮਾਨ ਇਸ ਗੱਲ ਤੋਂ ਕਿਉਂ ਡਰਦੇ ਹਨ ਕਿ ਆਪਣੇ ਜਾਇਜ਼ ਹੱਕਾਂ ਦੀ ਮੰਗ ਵਿਚ ਹਿੰਦੂਆਂ ਨਾਲ ਸ਼ਾਮਲ ਹੋ ਜਾਣ ਅਰ ਕਿਉਂ ਅੱਜ ਤਕ ਓਹਨਾਂ ਦੀ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਰਹੇ ਹਨ ਤੇ ਕਿਉਂ ਓੜਕ ਨੂੰ ਹਿੰਦੂਆਂ ਦੀ ਰਾਇ ਨੂੰ ਠੀਕ ਮਹਿਸੂਸ ਕਰ ਕੇ ਓਹਨਾਂ ਦੇ ਰਸਤੇ ਪੁਰ ਤੁਰੇ, ਪਰ ਓਹਨਾਂ ਤੋਂ ਅੱਡ ਹੋ ਕੇ ਅਰਥਾਤ—ਹਿੰਦੂਆਂ ਦੇ ਮੁਕਾਬਲੇ ਦੇ ਮੁਸਲਮਾਨਾਂ ਨੇ ਇਕ ਮੁਸਲਿਮ ਅੰਜਮਨ ਕਾਇਮ ਕਰ ਦਿੱਤੀ, ਪਰ ਓਹਨਾਂ ਨਾਲ ਮਿਲਣਾ ਪ੍ਰਵਾਨ ਨਾ ਕੀਤਾ।

ਪਿਆਰੇ ਭਰਾਓ ! ਇਸ ਦਾ ਅਸਲ ਕਾਰਨ ਮਜ਼ਬੀ ਮਤ-ਭੇਦ ਹੀ ਹੈ;ਇਸ ਤੋਂ ਛੁੱਟ ਹੋਰ ਕੁਝ ਨਹੀਂ। ਜੇ ਅੱਜ ਸਾਡੇ ਹਿੰਦੂ ਭਰਾ ਪਵਿੱਤ੍ਰ ਕਲਮਾ—ਲਾਇਲਾਹ ਇਲਲਾਹ, ਮੁਹੰਮਦ

ਰਸੂਲਲਾਹ, ਅਰਥਾਤ ਈਸ਼੍ਵਰ ਤੋਂ ਛੁੱਟ ਹੋਰ ਕੋਈ ਹਸਤੀ ਪੂਜਣ ਯੋਗ ਨਹੀਂ ਅਰ ਹਜ਼ਰਤ ਮੁਹੰਮਦ ਸਾਹਿਬ ਈਸ਼੍ਵਰ ਦੇ ਸੱਚੇ ਰਸੂਲ ਹਨ—ਪੜ੍ਹ ਕੇ ਮੁਸਲਮਾਨਾਂ ਨਾਲ ਜਫੀਆਂ ਪਾ ਲੈਣ ਅਤੇ ਜਾਂ ਮੁਸਲਮਾਨ ਹੀ ਹਿੰਦੂ ਬਣ ਕੇ ਵੇਦਕ ਹੁਕਮ ਅਨੁਸਾਰ ਅਗਨੀ, ਵਾਯੂ, ਆਦਿ ਦੀ ਪੂਜਾ ਅਰੰਭ ਦੇਣ ਅਰ ਇਸਲਾਮ ਨੂੰ ਤਿਆਗ ਦੇਣ ਤਾਂ ਜਿਨ੍ਹਾਂ ਝਗੜਿਆਂ ਤੇ ਵੈਰਾਂ ਵਿਰੋਧਾਂ ਦਾ ਨਾਂ ਅੱਜ ਪੋਲੀਟੀਕਲ ਰੱਖਿਆ ਜਾਂਦਾ ਹੈ, ਉਹ ਸਾਰੇ ਦੇ ਸਾਰੇ ਪਲਾਂ ਵਿਚ ਹੀ ਅਜਿਹੇ ਅਲੋਪ ਹੋ ਜਾਣ ਕਿ ਜਿਵੇਂ ਕਦੇ ਹੈ ਹੀ ਨਹੀਂ ਸਨ।

ਬੱਸ, ਇਸ ਤੋਂ ਪਰਗਟ ਹੈ ਕਿ ਸਭ ਝਗੜੇ ਬਖੇੜਿਆਂ ਦਾ ਮੂਲ ਕਾਰਨ ਅਸਲ ਵਿਚ ਮਜ਼੍ਹਬੀ ਖਿਚੋਤਾਣ ਹੈ। ਇਹੋ ਮਜ਼੍ਹਬੀ ਖਿਚੋਤਾਣ ਜਦ ਚੋਟੀ ਤੇ ਪੁਜ ਜਾਂਦਾ ਰਿਹਾ, ਤਾਂ ਖੂੰਨ ਦੀਆਂ ਨਦੀਆਂ ਵਹਾਉਂਦਾ ਰਿਹਾ। ਹੇ ਮੁਸਲਮਾਨੋ! ਜਦ ਤਕ ਹਿੰਦੂ ਭਰਾ ਮਜ਼੍ਹਬੀ ਖਿਚੋਤਾਣ ਸਦਕਾ ਤੁਹਾਨੂੰ ਇਕ ਗ਼ੈਰ ਕੌਮ ਸਮਝਦੇ ਹਨ, ਅਰ ਤੁਸੀਂ ਭੀ ਓਹਨਾਂ ਨੂੰ ਇਸੇ ਤਰ੍ਹਾਂ ਇਕ ਦੂਜੀ ਕੌਮ ਖਿਆਲ ਕਰਦੇ ਹੋ। (ਜਦ ਤਕ ਇਸ ਕਾਰਨ ਦਾ ਫ਼ੈਸਲਾ ਨਹੀਂ ਹੁੰਦਾ) ਤਦ ਤਕ ਤੁਹਾਡੇ ਤੇ ਓਹਨਾਂ ਦੇ ਵਿਚਕਾਰ ਇਕ ਸੱਚੀ ਏਕਤਾ ਕਾਇਮ ਨਹੀਂ ਹੋ ਸਕਦੀ ਹੈ। ਹਾਂ, ਸੰਭਵ ਹੈ ਕਿ ਮੁਨਾਫ਼ਕਾਨਾ ਤੌਰ ਤੇ ਕੁਝ ਦਿਨਾਂ ਲਈ ਆਪਸ ਵਿਚ ਮੇਲ-ਜੋਲ ਹੋ ਜਾਵੇ, ਪਰ ਉਹ ਦਿਲੀ ਸਫ਼ਾਈ, ਜਿਸ ਨੂੰ ਅਸਲੀ ਸਫ਼ਾਈ ਕਿਹਾ ਜਾਂਦਾ ਹੈ, ਕੇਵਲ ਇਸੇ ਹਾਲਤ ਵਿਚ ਪੈਦਾ ਹੋ ਸਕਦੀ ਹੈ ਕਿ ਜਦ ਤੁਸੀਂ ਵੇਦ ਤੇ ਵੇਦਕ ਰਿਸ਼ੀਆਂ ਨੂੰ ਸਚੇ ਦਿਲ ਨਾਲ ਰੱਬੀ-ਜੀਉੜੇ ਮੰਨ ਕੇ ਅਪਣਾ ਲਓ।

ਇਸੇ ਤਰ੍ਹਾਂ ਮੇਰੇ ਹਿੰਦੂ ਭਰਾ ਭੀ ਆਪਣੇ ਵੈਰ ਵਿਰੋਧ ਨੂੰ ਤਿਆਗ ਕੇ ਸਾਡੇ **ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੀ ਨਬੁੱਵਤ ਦੀ ਤਸਦੀਕ ਕਰਦੇ ਹੋਏ ਉਨ੍ਹਾਂਨੂੰਅਪਣਾ ਲੈਣ।**

ਯਾਦ ਰੱਖੋ ਤੇ ਚੰਗੀ ਤਰ੍ਹਾਂ ਯਾਦ ਰੱਖੋ ਕਿ ਹਿੰਦੂ ਤੇ ਮੁਸਲਮਾਨਾਂ ਵਿਚ ਸੱਚੀ ਏਕਤਾ ਕਰਾਉਣ ਵਾਲਾ ਇਕ ਇਹੋ ਅਸੂਲ ਹੈ, ਅਥਵਾ ਇਹੋ ਇਕ ਅਜਿਹਾ ਨਿਰਮਲ ਜਲ ਹੈ ਜੋ ਸਾਰੇ ਵੈਰ-ਵਿਰੋਧ ਨੂੰ ਧੋ ਦੇਵੇਗਾ। ਜੇ ਉਹ ਦਿਨ ਆ ਗਏ ਹਨ ਕਿ ਇਹ ਦੋਵੇਂ ਵਿਛੜੀਆਂ ਹੋਈਆਂ ਕੌਮਾਂ ਆਪਸ ਵਿਚ ਮਿਲ ਜਾਣ, ਤਾਂ ਈਸ਼੍ਵਰ ਆਪ ਦੇ ਦਿਲਾਂ ਨੂੰ ਵੀ ਇਸ ਗੱਲ ਲਈ ਖੋਲ੍ਹ ਦੇਵੇ, ਜਿਸ ਵਾਸਤੇ ਉਸ ਨੇ ਸਾਡਾ ਦਿਲ ਖੋਲ੍ਹ ਦਿੱਤਾ ਹੈ।

ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਹਿੰਦੂ ਭਰਾਵਾਂ ਨਾਲ ਸੱਚੀ ਹਮਦਰਦੀ ਨਾਲ ਪੇਸ਼ ਆਓ, ਅਤੇ ਲੋਕ-ਸੇਵਾ ਆਪਣੀ ਆਦਤ ਵਿਚ ਸ਼ਾਮਲ ਕਰੋ; ਅਜਿਹੇ ਕੰਮਾਂ ਤੋਂ ਆਪਣੇ ਆਪ ਨੂੰ ਰੋਕੋ, ਜਿਨ੍ਹਾਂ ਤੋਂ ਓਹਨਾਂ ਨੂੰ ਖੇਦ ਪੁਜੇ; ਪਰ ਉਹ ਕੰਮ ਸਾਡੇ ਮਜ਼੍ਹਬ ਵਿਚ 'ਫ਼ਰਜ਼' ਤੇ 'ਵਾਜਬ' ਨਾ ਹੋਣ*। ਬਸ, ਜੇ ਮੇਰੇ ਹਿੰਦੂ ਵੀਰ ਆਪਣੇ ਸੱਚੇ ਦਿਲ ਨਾਲ ਸਾਡੇ **ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ** ਨੂੰ ਸੱਚਾ ਨਬੀ ਮੰਨ ਲੈਣ, ਅਰ ਓਹਨਾਂ ਤੇ ਈਮਾਨ ਲੈ ਅਉਣ, ਤਾਂ ਉਹ ਵਿਰੋਧ ਜੋ ਗਊ ਕਸ਼ੀ ਦੇ ਕਾਰਨ ਹੈ, ਉਸ ਨੂੰ ਭੀ ਵਿਚੋਂ ਹਟਾ ਦਿੱਤਾ ਜਾਵੇ।

*ਹਜ਼ਰਤ ਮਿਰਜ਼ਾ ਸਾਹਿਬ ਦੇ ਇਸ ਕਥਨ ਦਾ ਇਹ ਭਾਵ ਹੈ ਕਿ ਕੋਈ ਅਜਿਹੀ ਗਲ ਨਾ ਕੀਤੀ ਜਾਵੇ, ਜਿਸ ਸਦਕਾ ਸਾਡਾ ਇਸਲਾਮ ਨਾਲੋਂ ਸੰਬੰਧ ਹੀ ਤੁਟ ਜਾਵੇ, ਅਰਥਾਤ ਕੁਰਾਨ ਸ਼ਰੀਫ਼ ਦਾ ਪੜ੍ਹਨਾ ਜਾਂ ਬਾਂਗਾਂ ਤੇ ਨਿਮਾਜ਼ਾਂ ਦਾ ਅਦਾ ਕਰਨਾ ਆਦਿਕ ਮਜ਼ਹਬੀ ਹੁਕਮ ਨਾ ਤਿਆਗੇ ਜਾਣ।

ਜਿਸ ਚੀਜ਼ ਨੂੰ ਅਸੀਂ ਹਲਾਲ ਜਾਣਦੇ ਹਾਂ, ਸਾਡੇ ਤੇ ਵਾਜਬ ਨਹੀਂ, ਕਿ ਜ਼ਰੂਰ ਉਸ ਨੂੰ ਵਰਤੋਂ ਵਿਚ ਭੀ ਲਿਆਈਏ; ਚੋਖੀਆਂ ਚੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਅਸੀਂ ਹਲਾਲ ਜਾਣਦੇ ਹਾਂ, ਪਰ ਵਰਤੋਂ ਵਿਚ ਕਦੇ ਭੀ ਨਹੀਂ ਲਿਆਉਂਦੇ। ਇਹਨਾਂ ਨਾਲ ਪ੍ਰੇਮ-ਭਰਿਆ ਵਰਤਾਉ ਕਰਨਾ ਸਾਡੇ ਦੀਨ ਦੀਆਂ ਵਸੀਹਤਾਂ ਵਿੱਚੋਂ ਇਕ ਵਸੀਹਤ ਹੈ। ਈਸ਼੍ਵਰ ਨੂੰ ਵਾਹਿਦ (ਇਕ) ਅਥਵਾ ਲਾਸ਼ਰੀਕ ਜਾਣ ਕੇ ਇਕ ਚੰਗੇ ਤੇ ਜ਼ਰੂਰੀ ਕੰਮ ਲਈ ਗੈਰ-ਜ਼ਰੂਰੀ ਕੰਮ ਨੂੰ ਤਿਆਗਣਾ ਈਸ਼੍ਵਰ ਦੇ ਹੁਕਮਾਂ ਤੇ ਕਾਨੂੰਨਾਂ ਦੇ ਉਲਟ ਨਹੀਂ। ਕਿਸੇ ਚੀਜ਼ ਨੂੰ ਹਲਾਲ ਸਮਝਣਾ ਅੱਡ ਚੀਜ਼ ਹੈ ਅਰ ਵਰਤੋਂ ਕਰਨਾ ਹੋਰ ਗੱਲ ਹੈ। ਦੀਨ ਇਹ ਹੈ ਕਿ ਵਾਹਿਗੁਰੂ ਦੀ ਮਰਜ਼ੀ ਦੇ ਉਲਟ ਕੰਮਾਂ ਤੋਂ ਬਚਣਾ; ਉਸ ਦੀ ਰਜ਼ਾ ਵਲ ਦੌੜਨਾ ਅਤੇ ਉਸ ਦੇ ਕੁਲ ਜੀਵ-ਜੰਤ ਨਾਲ ਨੇਕੀ ਤੇ ਹਮਦਰਦੀ ਨਾਲ ਪੇਸ਼ ਆਉਣਾ; ਸੰਸਾਰ ਦੇ ਕੁਲ ਪਾਕ ਨਬੀਆਂ ਤੇ ਰਸੂਲਾਂ ਨੂੰ ਆਪੋ ਆਪਣੇ ਵਕਤ ਦੇ ਅਵਤਾਰ ਮੰਨਣਾ ਤੇ ਓਹਨਾਂ ਵਿੱਚ ਕੋਈ ਫ਼ਰਕ ਨਹੀਂ ਸਮਝਣਾ ਅਤੇ ਹਰ ਇਕ ਮਨੁੱਖ ਦੀ ਸੇਵਾ ਕਰਨੀ । ਇਹ ਸਾਡੇ ਇਸਲਾਮੀ ਮਤ ਦੀ ਸੰਖੇਪ ਸਿੱਖਿਆ ਹੈ । ਪਰ ਜੋ ਸੱਜਣ ਐਵੇਂ ਹੀ ਈਸ਼੍ਵਰ ਤੋਂ ਬੇਡਰ ਹੋ ਕੇ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੂੰ ਭੈੜੇ ਤੇ ਗੰਦੇ ਸ਼ਬਦਾਂ ਦੁਆਰਾ ਯਾਦ ਕਰਦੇ ਹੋਏ ਓਹਨਾਂ ਤੇ ਗੰਦੀਆਂ ਊਜਾਂ ਲਾਉਂਦੇ ਹਨ, ਅਰਥਾਤ ਓਹਨਾਂ ਦੀ ਸ਼ਾਨ ਵਿਚ ਭੈੜੇ ਵਾਕ ਬੋਲਣੋਂ ਨਹੀਂ ਟਲਦੇ; ਓਹਨਾਂ ਨਾਲ ਅਸੀਂ ਕਿਸੇ ਤਰ੍ਹਾਂ ਮੇਲ ਨਹੀਂ ਕਰ ਸਕਦੇ ਮੈਂ ਸਾਫ਼ ਸਾਫ਼ ਆਖਦਾ ਹਾਂ ਕਿ ਅਸੀਂ ਜ਼ਹਿਰੀ ਸਪਾਂ ਤੇ ਜੰਗਲੀ ਬਘਿਆੜਾਂ ਨਾਲ ਮੇਲ

ਕਰ ਸਕਦੇ ਹਾਂ; ਪਰ ਉਨ੍ਹਾਂ ਲੋਕਾਂ ਨਾਲ ਸਾਡਾ ਮਿਲਾਪ ਨਹੀਂ ਹੋ ਸਕਦਾ ਜੋ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ (ਜੋ ਸਾਨੂੰ ਆਪਣੇ ਜਾਨ-ਮਾਲ ਤੇ ਮਾਤਾ ਪਿਤਾ ਤੋਂ ਭੀ ਵਧੀਕ ਪਿਆਰੇ ਹਨ) ਪੁਰ ਅਯੋਗ ਹਮਲੇ ਕਰ ਰਹੇ ਹਨ। ਈਸ਼੍ਵਰ ਸਾਨੂੰ ਆਪਣੇ ਸੱਚੇ ਮਜ਼ੁਬ ਇਸਲਾਮ ਤੇ ਹੀ ਮੌਤ ਦੇਵੇ; ਅਸੀਂ ਉਹ ਕੰਮ ਨਹੀ ਕਰਨਾ ਚਾਹੁੰਦੇ, ਜਿਸ ਨਾਲ ਸਾਡਾ ਧਰਮ ਹੀ ਜਾਂਦਾ ਰਹੇ। ਮੈਂ ਇਸ ਵੇਲੇ ਕਿਸੇ ਖਾਸ ਕੌਮ ਦੀ, ਬਿਨਾਂ ਕਿਸੇ ਕਾਰਨ ਦੇ, ਨਿੰਦਿਆ ਨਹੀਂ ਕਰਨਾ ਚਾਹੁੰਦਾ ਅਤੇ ਨਾ ਕਿਸੇ ਦਾ ਦਿਲ ਦੁਖਾਉਣਾ ਚਾਹੁੰਦਾ ਹਾਂ।

ਇਸਲਾਮ ਉਹ ਪਵਿਤ੍ਰ ਤੇ ਏਕਤਾ ਭਰਿਆ ਮਤ ਹੈ ਕਿ ਜਿਸ ਨੇ ਕਿਸੇ ਭੀ ਕੌਮ ਦੇ ਆਗੂ ਉਪਰ ਹਮਲਾ ਨਹੀਂ ਕੀਤਾ। ਰੱਬੀ-ਬਾਣੀ (ਕੁਰਾਨ ਸ਼ਰੀਫ਼) ਉਹ ਪਵਿਤ੍ਰ ਕਿਤਾਬ ਹੈ, ਜਿਸ ਨੇ ਸਭ ਕੌਮਾਂ ਵਿਚ ਏਕਤਾ ਦੀ ਨੀਂਹ ਰੱਖੀ ਅਰ ਹਰ ਕੌਮ ਦੇ ਨਬੀ ਅਥਵਾ ਅਵਤਾਰ ਨੂੰ ਖਿੜੇ ਮੱਥੇ ਮੰਨ ਕੇ ਸਤਿਕਾਰਿਆ ਹੈ। ਸਾਰੇ ਜਗਤ ਵਿਚ ਇਹ ਮਾਣ ਕੇਵਲ ਰੱਬੀ-ਬਾਣੀ (ਕੁਰਾਨ ਸ਼ਰੀਫ਼) ਨੂੰ ਹੀ ਪ੍ਰਾਪਤ ਹੈ, ਜਿਸ ਨੇ ਸਮੂੰਹ ਸੰਸਾਰ ਬਾਰੇ ਸਾਨੂੰ ਇਹ ਉਪਦੇਸ਼ ਦਿੱਤਾ ਹੈ:—"ਲਾ ਨੁਫ਼ੱਰਿਕੁ ਬੈਨਾ ਅਹਾਦਿਮ ਮਿਨਹੁਮ ਵਨਹਿਨੁ ਲਹੂਮੁਸਲਿਮੂਨ ॥" ਅਰਥਾਤ ਹੇ ਮੁਸਲਮਾਨੋ! ਤੁਸੀਂ ਇਹ ਆਖੋ ਕਿ ਅਸੀਂ ਸਰਬੱਤ ਕੌਮਾਂ ਦੇ ਨਬੀਆਂ ਅਥਵਾ ਅਵਤਾਰਾਂ ਨੂੰ ਮੰਨਦੇ ਹਾਂ ਤੇ ਓਹਨਾਂ ਵਿੱਚ ਇਹ ਫ਼ਰਕ ਨਹੀਂ ਪਾਉਂਦੇ ਕਿ ਅਸੀਂ ਕਿਸੇ ਨੂੰ ਮੰਨੀਏ ਤੇ ਕਿਸੇ ਦਾ ਇਨਕਾਰ ਕਰੀਏ। ਜੇ ਅਜਿਹੀ ਏਕਤਾ ਭਰੀ ਕੋਈ ਹੋਰ ਧਰਮ

ਰਸੂਲਲਾਹ, ਅਰਥਾਤ ਈਸ਼੍ਵਰ ਤੋਂ ਛੁੱਟ ਹੋਰ ਕੋਈ ਹਸਤੀ ਪੂਜਣ ਯੋਗ ਨਹੀਂ ਅਰ ਹਜ਼ਰਤ ਮੁਹੰਮਦ ਸਾਹਿਬ ਈਸ਼੍ਵਰ ਦੇ ਸੱਚੇ ਰਸੂਲ ਹਨ—ਪੜ੍ਹ ਕੇ ਮੁਸਲਮਾਨਾਂ ਨਾਲ ਜਫੀਆਂ ਪਾ ਲੈਣ ਅਤੇ ਜਾਂ ਮੁਸਲਮਾਨ ਹੀ ਹਿੰਦੂ ਬਣ ਕੇ ਵੇਦਕ ਹੁਕਮ ਅਨੁਸਾਰ ਅਗਨੀ, ਵਾਯੂ, ਆਦਿ ਦੀ ਪੂਜਾ ਅਰੰਭ ਦੇਣ ਅਰ ਇਸਲਾਮ ਨੂੰ ਤਿਆਗ ਦੇਣ ਤਾਂ ਜਿਨ੍ਹਾਂ ਝਗੜਿਆਂ ਤੇ ਵੈਰਾਂ ਵਿਰੋਧਾਂ ਦਾ ਨਾਂ ਅੱਜ ਪੋਲੀਟੀਕਲ ਰੱਖਿਆ ਜਾਂਦਾ ਹੈ, ਉਹ ਸਾਰੇ ਦੇ ਸਾਰੇ ਪਲਾਂ ਵਿਚ ਹੀ ਅਜਿਹੇ ਅਲੋਪ ਹੋ ਜਾਣ ਕਿ ਜਿਵੇਂ ਕਦੇ ਹੈ ਹੀ ਨਹੀਂ ਸਨ।

ਬੱਸ, ਇਸ ਤੋਂ ਪਰਗਟ ਹੈ ਕਿ ਸਭ ਝਗੜੇ ਬਖੇੜਿਆਂ ਦਾ ਮੂਲ ਕਾਰਨ ਅਸਲ ਵਿਚ ਮਜ਼੍ਹਬੀ ਖਿਚੋਤਾਣ ਹੈ। ਇਹੋ ਮਜ਼੍ਹਬੀ ਖਿਚੋਤਾਣ ਜਦ ਚੋਟੀ ਤੇ ਪੁਜ ਜਾਂਦਾ ਰਿਹਾ, ਤਾਂ ਖੂੰਨ ਦੀਆਂ ਨਦੀਆਂ ਵਹਾਉਂਦਾ ਰਿਹਾ। ਹੇ ਮੁਸਲਮਾਨੋ! ਜਦ ਤਕ ਹਿੰਦੂ ਭਰਾ ਮਜ਼੍ਹਬੀ ਖਿਚੋਤਾਣ ਸਦਕਾ ਤੁਹਾਨੂੰ ਇਕ ਗ਼ੈਰ ਕੌਮ ਸਮਝਦੇ ਹਨ, ਅਰ ਤੁਸੀਂ ਭੀ ਓਹਨਾਂ ਨੂੰ ਇਸੇ ਤਰ੍ਹਾਂ ਇਕ ਦੂਜੀ ਕੌਮ ਖਿਆਲ ਕਰਦੇ ਹੋ। (ਜਦ ਤਕ ਇਸ ਕਾਰਨ ਦਾ ਫ਼ੈਸਲਾ ਨਹੀਂ ਹੁੰਦਾ) ਤਦ ਤਕ ਤੁਹਾਡੇ ਤੇ ਓਹਨਾਂ ਦੇ ਵਿਚਕਾਰ ਇਕ ਸੱਚੀ ਏਕਤਾ ਕਾਇਮ ਨਹੀਂ ਹੋ ਸਕਦੀ ਹੈ। ਹਾਂ, ਸੰਭਵ ਹੈ ਕਿ ਮੁਨਾਫ਼ਕਾਨਾ ਤੌਰ ਤੇ ਕੁਝ ਦਿਨਾਂ ਲਈ ਆਪਸ ਵਿਚ ਮੇਲ-ਜੋਲ ਹੋ ਜਾਵੇ, ਪਰ ਉਹ ਦਿਲੀ ਸਫ਼ਾਈ, ਜਿਸ ਨੂੰ ਅਸਲੀ ਸਫ਼ਾਈ ਕਿਹਾ ਜਾਂਦਾ ਹੈ, ਕੇਵਲ ਇਸੇ ਹਾਲਤ ਵਿਚ ਪੈਦਾ ਹੋ ਸਕਦੀ ਹੈ ਕਿ ਜਦ ਤੁਸੀਂ ਵੇਦ ਤੇ ਵੇਦਕ ਰਿਸ਼ੀਆਂ ਨੂੰ ਸਚੇ ਦਿਲ ਨਾਲ ਰੱਬੀ-ਜੀਉੜੇ ਮੰਨ ਕੇ ਅਪਣਾ ਲਓ।

ਇਸੇ ਤਰ੍ਹਾਂ ਮੇਰੇ ਹਿੰਦੂ ਭਰਾ ਭੀ ਆਪਣੇ ਵੈਰ ਵਿਰੋਧ ਨੂੰ ਤਿਆਗ ਕੇ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੀ ਨਬੁੱਵਤ ਦੀ ਤਸਦੀਕ ਕਰਦੇ ਹੋਏ ਉਨ੍ਹਾਂਨੂੰਅਪਣਾ ਲੈਣ।

ਯਾਦ ਰੱਖੋ ਤੇ ਚੰਗੀ ਤਰ੍ਹਾਂ ਯਾਦ ਰੱਖੋ ਕਿ ਹਿੰਦੂ ਤੇ ਮੁਸਲਮਾਨਾਂ ਵਿਚ ਸੱਚੀ ਏਕਤਾ ਕਰਾਉਣ ਵਾਲਾ ਇਕ ਇਹੋ ਅਸੂਲ ਹੈ, ਅਥਵਾ ਇਹੋ ਇਕ ਅਜਿਹਾ ਨਿਰਮਲ ਜਲ ਹੈ ਜੋ ਸਾਰੇ ਵੈਰ-ਵਿਰੋਧ ਨੂੰ ਧੋ ਦੇਵੇਗਾ। ਜੇ ਉਹ ਦਿਨ ਆ ਗਏ ਹਨ ਕਿ ਇਹ ਦੋਵੇਂ ਵਿਛੜੀਆਂ ਹੋਈਆਂ ਕੌਮਾਂ ਆਪਸ ਵਿਚ ਮਿਲ ਜਾਣ, ਤਾਂ ਈਸ਼੍ਵਰ ਆਪ ਦੇ ਦਿਲਾਂ ਨੂੰ ਵੀ ਇਸ ਗੱਲ ਲਈ ਖੋਲ੍ਹ ਦੇਵੇ, ਜਿਸ ਵਾਸਤੇ ਉਸ ਨੇ ਸਾਡਾ ਦਿਲ ਖੋਲ੍ਹ ਦਿੱਤਾ ਹੈ।

ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਹਿੰਦੂ ਭਰਾਵਾਂ ਨਾਲ ਸੱਚੀ ਹਮਦਰਦੀ ਨਾਲ ਪੇਸ਼ ਆਓ, ਅਤੇ ਲੋਕ-ਸੇਵਾ ਆਪਣੀ ਆਦਤ ਵਿਚ ਸ਼ਾਮਲ ਕਰੋ; ਅਜਿਹੇ ਕੰਮਾਂ ਤੋਂ ਆਪਣੇ ਆਪ ਨੂੰ ਰੋਕੋ, ਜਿਨ੍ਹਾਂ ਤੋਂ ਓਹਨਾਂ ਨੂੰ ਖੇਦ ਪੁਜੇ; ਪਰ ਉਹ ਕੰਮ ਸਾਡੇ ਮਜ਼੍ਹਬ ਵਿਚ 'ਫ਼ਰਜ਼' ਤੇ 'ਵਾਜਬ' ਨਾ ਹੋਣ*। ਬਸ, ਜੇ ਮੇਰੇ ਹਿੰਦੂ ਵੀਰ ਆਪਣੇ ਸੱਚੇ ਦਿਲ ਨਾਲ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੂੰ ਸੱਚਾ ਨਬੀ ਮੰਨ ਲੈਣ, ਅਰ ਓਹਨਾਂ ਤੇ ਈਮਾਨ ਲੈ ਆਉਣ, ਤਾਂ ਉਹ ਵਿਰੋਧ ਜੋ ਗਊ ਕਸ਼ੀ ਦੇ ਕਾਰਨ ਹੈ, ਉਸ ਨੂੰ ਭੀ ਵਿਚੋਂ ਹਟਾ ਦਿੱਤਾ ਜਾਵੇ।

*ਹਜ਼ਰਤ ਮਿਰਜ਼ਾ ਸਾਹਿਬ ਦੇ ਇਸ ਕਥਨ ਦਾ ਇਹ ਭਾਵ ਹੈ ਕਿ ਕੋਈ ਅਜਿਹੀ ਗਲ ਨਾ ਕੀਤੀ ਜਾਵੇ, ਜਿਸ ਸਦਕਾ ਸਾਡਾ ਇਸਲਾਮ ਨਾਲੋਂ ਸੰਬੰਧ ਹੀ ਤੁਟ ਜਾਵੇ, ਅਰਥਾਤ ਕੁਰਾਨ ਸ਼ਰੀਫ਼ ਦਾ ਪੜ੍ਹਨਾ ਜਾਂ ਬਾਂਗਾਂ ਤੇ ਨਿਮਾਜ਼ਾਂ ਦਾ ਅਦਾ ਕਰਨਾ ਆਦਿਕ ਮਜ਼੍ਹਬੀ ਹੁਕਮ ਨਾ ਤਿਆਗੇ ਜਾਣ।

ਜਿਸ ਚੀਜ਼ ਨੂੰ ਅਸੀਂ ਹਲਾਲ ਜਾਣਦੇ ਹਾਂ, ਸਾਡੇ ਤੇ ਵਾਜਬ ਨਹੀਂ, ਕਿ ਜ਼ਰੂਰ ਉਸ ਨੂੰ ਵਰਤੋਂ ਵਿਚ ਭੀ ਲਿਆਈਏ; ਚੋਖੀਆਂ ਚੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਅਸੀਂ ਹਲਾਲ ਜਾਣਦੇ ਹਾਂ, ਪਰ ਵਰਤੋਂ ਵਿਚ ਕਦੇ ਭੀ ਨਹੀਂ ਲਿਆਉਂਦੇ। ਇਹਨਾਂ ਨਾਲ ਪ੍ਰੇਮ-ਭਰਿਆ ਵਰਤਾਉ ਕਰਨਾ ਸਾਡੇ ਦੀਨ ਦੀਆਂ ਵਸੀਹਤਾਂ ਵਿੱਚੋਂ ਇਕ ਵਸੀਹਤ ਹੈ। ਈਸ਼੍ਵਰ ਨੂੰ ਵਾਹਿਦ (ਇਕ) ਅਥਵਾ ਲਾਸ਼ਰੀਕ ਜਾਣ ਕੇ ਇਕ ਚੰਗੇ ਤੇ ਜ਼ਰੂਰੀ ਕੰਮ ਲਈ ਗੈਰ-ਜ਼ਰੂਰੀ ਕੰਮ ਨੂੰ ਤਿਆਗਣਾ ਈਸ਼੍ਵਰ ਦੇ ਹੁਕਮਾਂ ਤੇ ਕਾਨੂੰਨਾਂ ਦੇ ਉਲਟ ਨਹੀਂ। ਕਿਸੇ ਚੀਜ਼ ਨੂੰ ਹਲਾਲ ਸਮਝਣਾ ਅੱਡ ਚੀਜ਼ ਹੈ ਅਰ ਵਰਤੋਂ ਕਰਨਾ ਹੋਰ ਗੱਲ ਹੈ। ਦੀਨ ਇਹ ਹੈ ਕਿ ਵਾਹਿਗੁਰੂ ਦੀ ਮਰਜ਼ੀ ਦੇ ਉਲਟ ਕੰਮਾਂ ਤੋਂ ਬਚਣਾ; ਉਸ ਦੀ ਰਜ਼ਾ ਵਲ ਦੌੜਨਾ ਅਤੇ ਉਸ ਦੇ ਕੁਲ ਜੀਵ-ਜੰਤ ਨਾਲ ਨੇਕੀ ਤੇ ਹਮਦਰਦੀ ਨਾਲ ਪੇਸ਼ ਆਉਣਾ; ਸੰਸਾਰ ਦੇ ਕੁਲ ਪਾਕ ਨਬੀਆਂ ਤੇ ਰਸੂਲਾਂ ਨੂੰ ਆਪੋ ਆਪਣੇ ਵਕਤ ਦੇ ਅਵਤਾਰ ਮੰਨਣਾ ਤੇ ਓਹਨਾਂ ਵਿੱਚ ਕੋਈ ਫ਼ਰਕ ਨਹੀਂ ਸਮਝਣਾ ਅਤੇ ਹਰ ਇਕ ਮਨੁੱਖ ਦੀ ਸੇਵਾ ਕਰਨੀ। ਇਹ ਸਾਡੇ ਇਸਲਾਮੀ ਮਤ ਦੀ ਸੰਖੇਪ ਸਿੱਖਿਆ ਹੈ। ਪਰ ਜੋ ਸੱਜਣ ਐਵੇਂ ਹੀ ਈਸ਼੍ਵਰ ਤੋਂ ਬੇਡਰ ਹੋ ਕੇ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੂੰ ਭੈੜੇ ਤੇ ਗੰਦੇ ਸ਼ਬਦਾਂ ਦੁਆਰਾ ਯਾਦ ਕਰਦੇ ਹੋਏ ਓਹਨਾਂ ਤੇ ਗੰਦੀਆਂ ਊਜਾਂ ਲਾਉਂਦੇ ਹਨ, ਅਰਥਾਤ ਓਹਨਾਂ ਦੀ ਸ਼ਾਨ ਵਿਚ ਭੈੜੇ ਵਾਕ ਬੋਲਣੋਂ ਨਹੀਂ ਟਲਦੇ; ਓਹਨਾਂ ਨਾਲ ਅਸੀਂ ਕਿਸੇ ਤਰ੍ਹਾਂ ਮੇਲ ਨਹੀਂ ਕਰ ਸਕਦੇ ਮੈਂ ਸਾਫ਼ ਸਾਫ਼ ਆਖਦਾ ਹਾਂ ਕਿ ਅਸੀਂ ਜ਼ਹਿਰੀ ਸਪਾਂ ਤੇ ਜੰਗਲੀ ਬਘਿਆੜਾਂ ਨਾਲ ਮੇਲ

ਕਰ ਸਕਦੇ ਹਾਂ; ਪਰ ਉਨ੍ਹਾਂ ਲੋਕਾਂ ਨਾਲ ਸਾਡਾ ਮਿਲਾਪ ਨਹੀਂ ਹੋ ਸਕਦਾ ਜੋ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ (ਜੋ ਸਾਨੂੰ ਆਪਣੇ ਜਾਨ-ਮਾਲ ਤੇ ਮਾਤਾ ਪਿਤਾ ਤੋਂ ਭੀ ਵਧੀਕ ਪਿਆਰੇ ਹਨ) ਪੁਰ ਅਯੋਗ ਹਮਲੇ ਕਰ ਰਹੇ ਹਨ। ਈਸ਼੍ਵਰ ਸਾਨੂੰ ਆਪਣੇ ਸੱਚੇ ਮਜ਼੍ਹਬ ਇਸਲਾਮ ਤੇ ਹੀ ਮੌਤ ਦੇਵੇ; ਅਸੀਂ ਉਹ ਕੰਮ ਨਹੀਂ ਕਰਨਾ ਚਾਹੁੰਦੇ, ਜਿਸ ਨਾਲ ਸਾਡਾ ਧਰਮ ਹੀ ਜਾਂਦਾ ਰਹੇ। ਮੈਂ ਇਸ ਵੇਲੇ ਕਿਸੇ ਖਾਸ ਕੌਮ ਦੀ, ਬਿਨਾਂ ਕਿਸੇ ਕਾਰਨ ਦੇ, ਨਿੰਦਿਆ ਨਹੀਂ ਕਰਨਾ ਚਾਹੁੰਦਾ ਅਤੇ ਨਾ ਕਿਸੇ ਦਾ ਦਿਲ ਦੁਖਾਉਣਾ ਚਾਹੁੰਦਾ ਹਾਂ।

ਇਸਲਾਮ ਉਹ ਪਵਿਤ੍ਰ ਤੇ ਏਕਤਾ ਭਰਿਆ ਮਤ ਹੈ ਕਿ ਜਿਸ ਨੇ ਕਿਸੇ ਭੀ ਕੌਮ ਦੇ ਆਗੂ ਉਪਰ ਹਮਲਾ ਨਹੀਂ ਕੀਤਾ। ਰੱਬੀ-ਬਾਣੀ (ਕੁਰਾਨ ਸ਼ਰੀਫ਼) ਉਹ ਪਵਿਤ੍ਰ ਕਿਤਾਬ ਹੈ, ਜਿਸ ਨੇ ਸਭ ਕੌਮਾਂ ਵਿਚ ਏਕਤਾ ਦੀ ਨੀਂਹ ਰੱਖੀ ਅਰ ਹਰ ਕੌਮ ਦੇ ਨਬੀ ਅਥਵਾ ਅਵਤਾਰ ਨੂੰ ਖਿੜੇ ਮੱਥੇ ਮੰਨ ਕੇ ਸਤਿਕਾਰਿਆ ਹੈ। ਸਾਰੇ ਜਗਤ ਵਿਚ ਇਹ ਮਾਣ ਕੇਵਲ ਰੱਬੀ-ਬਾਣੀ (ਕੁਰਾਨ ਸ਼ਰੀਫ਼) ਨੂੰ ਹੀ ਪ੍ਰਾਪਤ ਹੈ, ਜਿਸ ਨੇ ਸਮੂੰਹ ਸੰਸਾਰ ਬਾਰੇ ਸਾਨੂੰ ਇਹ ਉਪਦੇਸ਼ ਦਿੱਤਾ ਹੈ:—"ਲਾ ਨੁਫੱਰਿਕੁ ਬੈਨਾ ਅਹਾਦਿੰਮ ਮਿਨਹੁਮ ਵਨਹਿਨੁ ਲਹੂਮੁਸਲਿਮੂਨ ॥" ਅਰਥਾਤ ਹੇ ਮੁਸਲਮਾਨੋ! ਤੁਸੀਂ ਇਹ ਆਖੋ ਕਿ ਅਸੀਂ ਸਰਬੱਤ ਕੌਮਾਂ ਦੇ ਨਬੀਆਂ ਅਥਵਾ ਅਵਤਾਰਾਂ ਨੂੰ ਮੰਨਦੇ ਹਾਂ ਤੇ ਓਹਨਾਂ ਵਿੱਚ ਇਹ ਫ਼ਰਕ ਨਹੀਂ ਪਾਉਂਦੇ ਕਿ ਅਸੀਂ ਕਿਸੇ ਨੂੰ ਮੰਨੀਏ ਤੇ ਕਿਸੇ ਦਾ ਇਨਕਾਰ ਕਰੀਏ। ਜੇ ਅਜਿਹੀ ਏਕਤਾ ਭਰੀ ਕੋਈ ਹੋਰ ਧਰਮ

ਪੋਥੀ ਹੋਵੇ,ਤਾਂ ਉਸ ਦਾ ਨਾਂ ਲਵੋ। ਰੱਬੀ-ਬਾਣੀ (ਕੁਰਾਨ ਸ਼ਰੀਫ਼) ਨੇ ਈਸ਼੍ਵਰ ਦੀ ਮਿਹਰ ਨੂੰ ਕਿਸੇ ਖਾਸ ਘਰਾਣੇ ਜਾਂ ਕੌਮ ਵਾਸਤੇ ਹੀ ਰੀਜ਼ਰਵ ਕਰਾਰ ਨਹੀਂ ਦਿੱਤਾ। ਇਸਰਾਈਲ ਘਰਾਣੇ ਦੇ ਜਿੱਨੇ ਭੀ ਨਬੀ (ਕੀ ਯਾਕੂਬ; ਕੀ ਇਸਹਾਕ; ਕੀ ਮੂਸਾ; ਕੀ ਦਾਊਦ; ਤੇ ਕੀ ਈਸਾ ਆਦਿ) ਹੋਏ ਹਨ, ਸਭਨਾਂ ਦੀ ਨਬੁੱਵਤ ਨੂੰ ਮੰਨ ਲਿਆ। ਇਸ ਤੋਂ ਛੁੱਟ ਦੂਜੀਆਂ ਕੌਮਾਂ ਦੇ ਨਬੀਆਂ ਅਥਵਾ ਅਵਤਾਰਾਂ ਨੂੰ,ਭਾਵੇਂ ਓਹ ਹਿੰਦ ਵਿਚ ਹੋਏ ਤੇ ਭਾਵੇਂ ਫਾਰਸ ਵਿਚ, ਝੂਠਾ ਜਾਂ ਮੱਕਾਰ ਨਹੀਂ ਆਖਿਆ; ਸਗੋਂ ਸਾਫ਼ ਤੇ ਸਪਸ਼ਟ ਸ਼ਬਦਾਂ ਦੁਆਰਾ ਇਹ ਐਲਾਨ ਕਰ ਕੇ ਕਿ ਹਰ ਕੌਮ ਤੇ ਦਸ ਵਿਚ ਈਸ਼ਵਰ ਦੇ ਸਚੇ ਨਬੀ ਅਥਵਾ ਅਵਤਾਰ ਹੋਏ ਹਨ- ਸਭ ਕੌਮਾਂ ਵਿਚ ਏਕਤਾ ਦੀ ਨੀਂਹ ਰਖ ਦਿੱਤੀ। ਪਰ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜ ਏਕਤਾ ਦੇ ਸੱਚੇ ਹਾਮੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੂੰ ਹਰ ਕੌਮ, ਅਗਿਆਨ ਵਿਚ ਫਸ ਕੇ, ਗਾਲ੍ਹਾਂ ਕਢਦੀ ਹੋਈ ਘ੍ਰਿਣਾ ਦੀ ਨਜ਼ਰ ਨਾਲ ਵੇਖ ਰਹੀ ਹੈ।

ਮੇਰੇ ਦੇਸ ਵਾਸੀ ਭਰਾਓ! ਮੈਂ ਇਹ ਗੱਲਾਂ ਆਪ ਦੀ ਸੇਵਾ ਵਿਚ ਇਸ ਲਈ ਪੇਸ਼ ਨਹੀਂ ਕੀਤਿਆਂ ਕਿ ਮੈਂ ਤੁਹਾਨੂੰ ਦੁਖੀ ਕਰਾਂ, ਜਾਂ ਤੁਹਾਡਾ ਦਿਲ ਤੋੜਾਂ; ਸਗੋਂ ਮੈਂ ਪੂਰੀ ਨੇਕ-ਨੀਤੀ ਨਾਲ ਇਹ ਆਖਦਾ ਹਾਂ, ਕਿ ਜਿਨ੍ਹਾਂ ਲੋਕਾਂ ਨੇ ਇਹ ਤਰੀਕਾ ਧਾਰਨ ਕੀਤਾ ਹੈ ਕਿ ਓਹ ਆਪਣੀਆਂ ਗਵਾਂਢੀ ਕੌਮਾਂ ਦੇ ਮਾਨਯੋਗ ਬਜ਼ੁਰਗਾਂ (ਨਬੀਆਂ ਜਾਂ ਅਵਤਾਰਾਂ) ਨੂੰ ਅਯੋਗ ਅਥਵਾ ਬੁਰੇ ਸ਼ਬਦਾਂ ਨਾਲ ਯਾਦ ਕਰਨ; ਓਹ ਇਸ ਅਯੋਗ ਤਰੀਕੇ ਨੂੰ, ਜਿਸ ਦੀ ਸੱਚਾਈ ਦਾ ਓਹਨਾਂ ਪਾਸ ਕੋਈ ਸਬੂਤ ਨਹੀਂ, ਧਾਰਨ

ਕਰਕੇ ਨਾ ਕੇਵਲ ਈਸ਼੍ਵਰ ਦੇ ਹੀ ਭਾਰੇ ਦੋਸ਼ੀ ਹਨ; ਸਗੋਂ ਓਹ ਮਨੁੱਖ-ਜਾਤੀ ਵਿਚ ਵੀ ਫੁਟ ਪਾਉਣ ਦਾ ਬੀ ਬੀਜਦੇ ਹਨ।

ਮੇਰੇ ਪਿਆਰੇ ਭਰਾਓ ! ਤੁਸੀਂ ਇਹ ਦੱਸੋ ਕਿ ਜੇ ਕੋਈ ਸੱਜਣ ਕਿਸੇ ਦੇ ਪਿਤਾ ਨੂੰ ਗਾਲ੍ਹਾਂ ਕੱਢੇ ਜਾਂ ਕਿਸੇ ਦੀ ਮਾਤਾ ਤੇ ਕੋਈ ਅਯੋਗ ਹਮਲਾ ਕਰੇ, ਤਾਂ ਕੀ ਉਹ ਆਪਣੇ ਮਾਪਿਆਂ ਪੁਰ ਆਪ ਹੀ ਹਮਲਾ ਨਹੀਂ ਕਰ ਰਿਹਾ ? ਜੇ ਉਹ ਸੱਜਣ, ਜਿਸ ਨੂੰ ਪਹਿਲਾਂ ਗਾਲ੍ਹ ਕੱਢੀ ਗਈ ਹੈ, ਉੱਤਰ ਵਿਚ ਭੀ ਗਾਲ੍ਹ ਹੀ ਸੁਣਾਏ, ਤਾਂ ਕੀ ਸਾਨੂੰ ਇਹ ਆਖਣ ਦਾ ਹੱਕ ਨਹੀਂ ਕਿ ਇਸ ਸਾਰੇ ਗਾਲ੍ਹ-ਮੰਦੇ ਦੀ ਪੂਰੀ ਪੂਰੀ ਜ਼ਿੰਮੇਵਾਰੀ ਉਸ ਸੱਜਣ ਤੇ ਹੈ, ਜਿਸ ਨੇ ਪਹਿਲ ਕੀਤੀ ? ਸੋ ਇਸ ਹਾਲਤ ਵਿਚ ਪਹਿਲ ਕਰਨ ਵਾਲਾ ਆਪਣੇ ਮਾਪਿਆਂ ਦੀ ਆਪ ਹੀ ਬੇਪਤੀ ਕਰ ਰਿਹਾ ਹੈ।

ਈਸ਼੍ਵਰ ਨੇ ਆਪਣੀ ਕਿਤਾਬ (ਰੱਬੀ-ਬਾਣੀ) ਵਿਚ ਸਾਨੂੰ ਇਹ ਸੱਭਿਤਾ ਸਿਖਾਈ ਹੈ:—

ਲਾ ਤਸਬੁੱਲਜ਼ੀਨਾ ਯੱਦਊਨਾ ਮਿੰਨ ਦੂਨਿੱਲਾਹ,
ਫ਼ੁੱਲਯੱਸਬੁੱਲਾਹੁ ਅਦੁੱਵ੍ਵ ਬਿਗ਼ੈਰਿ ਇੱਲਮ,*

ਅਰਥਾਤ—ਐ ਮੁਸਲਮਾਨੋ ! ਤੁਸੀਂ ਕਿਸੇ ਦੇ ਬੁਤ ਨੂੰ ਭੀ ਬੁਰਾ ਨਾ ਕਹੋ; ਕਿਉਂਕਿ ਜੇ ਤੁਸੀਂ ਕਿਸੇ ਦੇ ਬੁਤ ਨੂੰ ਬੁਰਾ ਭਲਾ ਕਹੋਗੇ, ਤਾਂ ਜ਼ਰੂਰੀ ਹੈ ਕਿ ਉਹ ਤੁਹਾਡੇ ਈਸ਼੍ਵਰ ਦੀ ਹਾਨੀ ਕਰੇ; ਕਿਉਂ ਜੁ ਉਹ ਤੁਹਾਡੇ ਈਸ਼੍ਵਰ ਨੂੰ ਜਾਣਦਾ ਹੀ ਨਹੀਂ।

ਦੇਖੋ ! ਇਸ ਗੱਲ ਦੇ ਹੁੰਦਿਆਂ ਕਿ ਈਸ਼੍ਵਰੀ ਉਪਦੇਸ਼ ਮੂਜਬ ਬੁਤ ਕੋਈ ਚੀਜ਼ ਨਹੀਂ, ਫਿਰ ਭੀ ਇਹੋ ਉਪਦੇਸ਼ ਦਿੱਤਾ ਹੈ ਕਿ ਓਹਨਾਂ ਨੂੰ ਬੁਰਾ ਕਹਿਣੋਂ ਆਪਣੀ ਜ਼ਬਾਨ ਨੂੰ ਰੋਕੋ। ਹਾਂ, ਨਰਮੀ ਨਾਲ ਸਮਝਾਓ; ਅਜਿਹਾ ਨਾ ਹੋਵੇ ਕਿ ਉਹ ਚਿੜ ਕੇ

ਈਸ਼੍ਵਰ ਨੂੰ ਹੀ ਕੋਸਣਾ ਸ਼ੁਰੂ ਕਰ ਦੇਣ ਅਰ ਇਸ ਖਿਚੋਤਾਣ ਦੀ ਜ਼ਿੰਮੇਵਾਰੀ ਸਾਰੀ ਦੀ ਸਾਰੀ ਤੁਹਾਡੇ ਪੁਰ ਆ ਜਾਵੇ। ਬਸ, ਓਹਨਾਂ ਸੱਜਣਾਂ ਦਾ ਕੀ ਹਾਲ ਹੈ, ਜੋ ਇਸਲਾਮ ਦੇ ਸ਼ਾਨਦਾਰ ਤੇ ਸਭ ਤੋਂ ਉੱਚੇ ਨਬੀ ਨੂੰ ਗਾਲ੍ਹਾਂ ਕਢਦੇ ਹਨ ਅਰ ਅਯੋਗ ਤੋਂ ਅਯੋਗ ਸ਼ਬਦਾਂ ਵਿਚ ਯਾਦ ਕਰਦੇ ਹਨ; ਓਹਨਾਂ ਦੀ ਇੱਜ਼ਤ ਤੇ ਚਾਲ-ਚਲਨ ਪੁਰ ਪਸ਼ੂਆਂ ਵਾਂਗ ਹਮਲੇ ਕਰਦੇ ਹਨ। ਸੋ ਉਸ ਬਜ਼ੁਰਗ ਨਬੀ ਦੀ—ਜਿਸ ਦਾ ਨਾਂ ਲੈਂਦਿਆਂ ਹੀ ਇਸਲਾਮ ਦੇ ਬੜੇ ਬੜੇ ਬਾਦਸ਼ਾਹ ਆਪਣੇ ਤਖ਼ਤਾਂ ਤੋਂ ਉਤਰ ਆਉਂਦੇ ਹਨ, ਅਥਵਾ ਉਸ ਦੇ ਹੁਕਮਾਂ ਅੱਗੇ ਬਿਨਾਂ ਕਿਸੇ ਚੂੰ ਚਰਾਂ ਦੇ ਆਪਣੇ ਸਿਰ ਝੁਕਾ ਦੇਂਦੇ ਹਨ ਅਤੇ ਆਪਣੇ ਆਪ ਨੂੰ ਉਸ ਦੇ ਛੋਟੇ ਛੋਟੇ ਗੁਲਾਮਾਂ ਵਿਚ ਸ਼ਾਮਲ ਕਰਦੇ ਹਨ, (ਕੀ ਇਹ ਇੱਜ਼ਤ ਈਸ਼੍ਵਰ ਵੱਲੋਂ ਨਹੀਂ ?)—ਈਸ਼੍ਵਰੀ ਇਜ਼ਤ ਨੂੰ ਆਪਣੇ ਅਗਿਆਨ ਹੇਠ ਲੁਕਾਉਣਾ ਓਹਨਾਂ ਸੱਜਣਾਂ ਦਾ ਕੰਮ ਹੈ, ਜੋ ਈਸ਼੍ਵਰ ਨਾਲ ਲੜਨਾ ਚਾਹੁੰਦੇ ਹਨ। ਹਜ਼ਰਤ ਮੁਹੰਮਦ ਸਾਹਿਬ, ਉਹ ਮਹਾਤਮਾ ਅਰ ਉੱਚੇ ਰਸੂਲ (ਅਵਤਾਰ) ਹਨ, ਜਿਨ੍ਹਾਂ ਦੀ ਪ੍ਰੋੜ੍ਹਤਾ ਅਰ ਇੱਜ਼ਤ ਪਰਗਟ ਕਰਨ ਵਾਸਤੇ ਈਸ਼੍ਵਰ ਨੇ ਸਭ ਸੰਸਾਰ ਨੂੰ ਬੜੇ ਬੜੇ ਚਮਤਕਾਰ ਦੱਸੇ ਹਨ। ਕੀ ਇਹ ਈਸ਼੍ਵਰ ਦੇ ਹੱਥ ਦਾ ਕੰਮ ਨਹੀਂ, ਕਿ ਜਿਸ ਨੇ ਵੀਹ ਕਰੋੜ ਮਨੁੱਖਾਂ ਦਾ ਸਿਰ ਹਜ਼ਰਤ ਮੁਹੰਮਦ ਸਾਹਿਬ ਦੇ ਦੁਆਰੇ ਝੁਕਾ ਰੱਖਿਆ ਹੈ ? ਭਾਵੇਂ ਹਰ ਇਕ ਨਬੀ (ਅਵਤਾਰ) ਆਪਣੀ ਨਬੁੱਵਤ ਦੀ ਸੱਚਾਈ ਲਈ ਕੁਝ ਨਾ ਕੁਝ ਸਬੂਤ ਰਖਦਾ ਸੀ, ਪਰ ਜਿੰਨੇ ਸਬੂਤ ਹਜ਼ਰਤ ਮੁਹੰਮਦ ਸਾਹਿਬ ਦੀ ਨਬੁੱਵਤ ਦੀ ਸੱਚਾਈ ਬਾਰੇ ਹਨ, ਅਰ ਅਜੇ ਤਕ ਪਰਗਟ ਹੋ ਰਹੇ ਹਨ, ਇਹਨਾਂ ਦੀ ਮਿਸਾਲ

ਹੋਰ ਕਿਸੇ ਭੀ ਨਬੀ, ਰਸੂਲ ਜਾਂ ਅਵਤਾਰ ਵਿਚ ਨਹੀਂ ਪਾਈ ਜਾਂਦੀ ।

ਮੇਰੇ ਭਰਾਓ ! ਤੁਸੀਂ ਇਸ ਦਲੀਲ ਨੂੰ ਨਹੀਂ ਸਮਝਦੇ ਕਿ ਜਦ ਧਰਤੀ ਪਾਪਾਂ ਨਾਲ ਭਰਪੂਰ ਹੋ ਜਾਂਦੀ ਹੈ ਅਤੇ ਈਸ਼੍ਵਰ ਦੇ ਅਦਲ-ਤਾਰਜ਼ੂ ਵਿਚ ਬਦਕਾਰੀਆਂ, ਬਦਚਲਣਗੀਆਂ, ਚੰਗੇ ਤੇ ਨੇਕ ਕੰਮਾਂ ਨਾਲੋਂ ਵਧ ਜਾਂਦੀਆਂ ਹਨ, ਤਾਂ ਈਸ਼੍ਵਰ ਦੀ ਮਿਹਰ ਇਹ ਮੰਗ ਕਰਦੀ ਹੈ ਕਿ ਅਜਿਹੇ ਸਮੇਂ ਕਿਸੇ ਆਪਣੇ ਸੁਧਾਰਕ ਨੂੰ ਸੰਸਾਰ ਵਿਚ ਭੇਜ ਕੇ ਲੋਕਾਂ ਦਾ ਸੁਧਾਰ ਕਰੇ। ਬੀਮਾਰ ਨੂੰ ਹਕੀਮ ਦੀ ਲੋੜ ਹੁੰਦੀ ਹੈ। ਤੁਸੀਂ ਇਸ ਗੱਲ ਨੂੰ ਸਭ ਤੋਂ ਵਧੀਕ ਅਥਵਾ ਛੇਤੀ ਸਮਝ ਸਕਦੇ ਹੋ; ਕਿਉਂਕਿ ਜਿਵੇਂ ਆਪਦੇ ਕਹੇ ਮੂਜਬ ਵੇਦ ਅਜਿਹੇ ਸਮੇਂ ਨਹੀਂ ਆਇਆ, ਜਦ ਪਾਪਾਂ ਦਾ ਹੜ ਜ਼ੋਰਾਂ ਤੇ ਸੀ; ਸਗੋਂ ਅਜਿਹੇ ਸਮੇਂ ਆਇਆ ਜਦ ਧਰਤੀ ਤੇ ਕੋਈ ਪਾਪ ਨਹੀਂ ਸੀ ਹੁੰਦਾ, ਤਾਂ ਕੀ ਆਪ ਦੀ ਨਜ਼ਰ ਵਿਚ ਇਹ ਗੱਲ ਸਮਝ ਤੋਂ ਦੂਰ ਹੈ ਕਿ ਅਜਿਹੇ ਸਮੇਂ ਕੋਈ ਨਬੀ ਪਰਗਟ ਹੋਵੇ, ਜਦ ਪਾਪਾਂ ਦਾ ਹੜ ਹਰ ਦੇਸ ਵਿਚ ਆਪਣੀ ਤਿਖੀ ਚਾਲ ਨਾਲ ਜਾਰੀ ਹੋਵੇ।

ਮੈਨੂੰ ਆਸ ਨਹੀਂ ਕਿ ਤੁਸੀਂ ਇਸ ਇਤਿਹਾਸਕ ਗੱਲ ਤੋਂ ਅਨਜਾਣ ਹੋਵੋ ਕਿ ਜਦ ਸਾਡੇ ਪਿਆਰੇ ਨਬੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਨਬੀ ਹੋਣ ਦਾ ਦਾਹਵਾ ਕੀਤਾ, ਤਾਂ ਉਹ ਸਮਾਂ ਇਕ ਅਜਿਹਾ ਅੰਧਕਾਰ ਦਾ ਸਮਾਂ ਸੀ ਕਿ ਸੰਸਾਰ ਦਾ ਕੋਈ ਹਿੱਸਾ ਭੀ ਕੁਕਰਮੀ ਤੇ ਅਧਰਮੀ ਤੋਂ ਸੱਖਣਾ ਨਹੀਂ ਸੀ। ਪੰਡਿਤ ਦਯਾ ਨੰਦ ਜੀ ਭੀ ਆਪਣੇ 'ਸਤਿਆਰਥ ਪ੍ਰਕਾਸ਼' ਨਾਉਂ ਦੇ ਪੁਸਤਕ ਵਿਚ ਲਿਖਦੇ ਹਨ ਕਿ ਉਸ ਸਮੇਂ ਇਸ

ਦੇਸ, ਆਰੀਆ ਵਰਤ, ਵਿਚ ਭੀ ਬੁਤ ਪ੍ਰਸਤੀ ਨੇ ਈਸ਼੍ਵਰ-ਪ੍ਰਸਤੀ ਦੀ ਥਾਂ ਆ ਮੱਲੀ ਸੀ ਅਰ ਵੇਦਕ ਮਜ਼੍ਹਬ ਵਿਚ ਭੀ ਚੋਖੀ ਗੜ ਬੜ ਪੈ ਗਈ ਸੀ। ਇਸੇ ਤਰ੍ਹਾਂ ਹੀ ਪਾਦਰੀ ਫੰਡਲ ਸਾਹਿਬ ਕਰਤਾ 'ਮੀਜ਼ਾਨੁੱਲ ਹੱਕ',ਜੋ ਈਸਾਈ ਮਤ ਦੇ ਬੜੇ ਜ਼ਬਰਦਸਤ ਹਾਮੀ ਇਕ ਯੂਰਪੀਨ ਅੰਗਰੇਜ਼ ਹਨ, ਆਪਣੀ ਪੁਸਤਕ 'ਮੀਜ਼ਾਨੁੱਲ ਹੱਕ' ਵਿਚ ਲਿਖਦੇ ਹਨ ਕਿ 'ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਸਭ ਕੌਮਾਂ ਨਾਲੋਂ ਵਧੇਰੇ ਈਸਾਈ ਕੌਮ ਵਿਗੜੀ ਹੋਈ ਸੀ, ਅਰ ਈਸਾਈਆਂ ਦੀਆਂ ਕੁਕਰਮੀਆਂ ਈਸਾਈ ਮਤ ਦੀ ਬਦਨਾਮੀ ਦਾ ਕਾਰਨ ਬਣ ਰਹੀਆਂ ਸਨ।' ਇਸ ਤੋਂ ਛੁੱਟ ਰੱਬੀ-ਬਾਣੀ (ਕੁਰਾਨ ਸ਼ਰੀਫ਼) ਖੁਦ ਭੀ ਆਪਣੇ ਆਉਣ ਦੀ ਜ਼ਰੂਰਤ ਲਈ ਇਹ ਆਇਤ ਪੇਸ਼ ਕਰਦੀ ਹੈ:–

ਜ਼ਹਰਲ ਫ਼ਸਾਦੁ ਫ਼ਿਲ ਬੱਰਿ ਵਲ ਬਹਿਰਿ।

ਅਰਥਾਤ–

ਜੰਗਲ ਭੀ ਬਿਗੜ ਗਏ ਅਰ ਦਰਿਆ ਭੀ ਬਿਗੜ ਗਏ।

ਇਸ ਆਇਤ ਦਾ ਇਹ ਭਾਵ ਹੈ ਕਿ ਹਰ ਕੌਮ ਭਾਵੇਂ ਉਹ ਪਸ਼ੂ ਬ੍ਰਿਤੀ ਤੇ ਭਾਵੇਂ ਮਨੁੱਖ-ਬ੍ਰਿਤੀ ਦਾ ਦਾਹਵਾ ਰਖਦਾ ਸੀ, ਝਗੜਿਆਂ ਤੋਂ ਖਾਲੀ ਨਹੀਂ ਸੀ।

ਹੁਣ ਜਦ ਸਭ ਗਵਾਹੀਆਂ ਤੋਂ ਇਹ ਸਾਬਤ ਹੁੰਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਸਮੇਂ ਦੇ ਲੋਕ–ਕੀ ਪੂਰਬੀ ਤੇ ਕੀ ਪੱਛਮੀ; ਕੀ ਆਰੀਆ ਵਰਤ ਦੇ ਰਹਿਣ ਵਾਲੇ ਤੇ ਕੀ ਅਰਬ ਦੇ ਰੇਤਲੇ ਮੈਦਾਨਾਂ ਦੇ ਵਸਨੀਕ ਅਥਵਾ ਕੀ ਜਰਮਨ ਵਿਚ ਵੱਸਣ ਵਾਲੇ, ਸਭ ਦੇ ਸਭ ਬਿਗੜੇ ਹੋਏ ਸਨ। ਇਕ ਭੀ ਅਜਿਹਾ ਸੱਜਣ ਨਹੀਂ ਸੀ, ਜਿਸ ਦਾ ਈਸ਼੍ਵਰ ਨਾਲ

ਸਾਫ਼ ਸੰਬੰਧ ਹੋਵੇ। ਕੁਕਰਮੀਆਂ ਨੇ ਧਰਤੀ ਭ੍ਰਿਸ਼ਟ ਕਰ ਦਿੱਤੀ ਸੀ। ਕੀ ਇਕ ਅਕਲਮੰਦ ਸੱਜਣ ਦੀ ਸਮਝ ਵਿਚ ਇਹ ਗੱਲ ਨਹੀਂ ਆ ਸਕਦੀ, ਕਿ ਇਹ ਉਹ ਵਕਤ, ਅਥਵਾ ਉਹੀ ਸਮਾਂ ਸੀ, ਜਿਸ ਬਾਰੇ ਅਕਲ ਤਜਵੀਜ਼ ਕਰਦੀ ਹੈ ਕਿ ਅਜਿਹੇ ਅੰਧਕਾਰ ਦੇ ਸਮੇਂ ਜ਼ਰੂਰ ਕੋਈ ਨਾ ਕੋਈ ਮਹਾਨ ਵੱਡਾ ਤੇ ਉੱਚਾ ਨਬੀ ਅਥਵਾ ਅਵਤਾਰ ਆਉਣਾ ਚਾਹੀਦਾ ਸੀ।

ਬਾਕੀ ਰਿਹਾ ਇਹ ਪ੍ਰਸ਼ਨ ਕਿ ਇਸ ਨਬੀ ਨੇ ਸੰਸਾਰ ਵਿਚ ਆ ਕੇ ਕੀ ਸੁਧਾਰ ਕੀਤਾ? ਮੈਂ ਬੜੇ ਜ਼ੋਰ ਨਾਲ ਆਖਦਾ ਹਾਂ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਸੁਧਾਰ ਬਾਰੇ ਜੋ ਉਤਰ ਇਕ ਮੁਸਲਮਾਨ ਦੇ ਸਕਦਾ ਹੈ, ਉਜੇਹਾ ਸਾਫ ਤੇ ਦਲੀਲ ਪੂਰਤ ਉੱਤਰ ਨਾ ਕੋਈ ਈਸਾਈ ਦੇ ਸਕਦਾ ਹੈ, ਨਾ ਕੋਈ ਯਹੂਦੀ ਤੇ ਨਾ ਹੀ ਕੋਈ ਆਰੀਆ।

ਹਜ਼ਰਤ ਮੁਹੰਮਦ ਸਾਹਿਬ ਦਾ ਪਹਿਲਾ ਆਸ਼ਾ ਅਰਬ ਦਾ ਸੁਧਾਰ ਸੀ।ਅਰਬ ਦੇਸ ਉਸ ਸਮੇਂ ਅਜਿਹੀ ਹਾਲਤ ਵਿਚ ਸੀ ਕਿ ਅਸੀਂ ਬੜੀ ਔਖਿਆਈ ਨਾਲ ਇਹ ਆਖ ਸਕਦੇ ਹਾਂ ਕਿ ਉਹ ਮਨੁੱਖ ਸਨ। ਕਿਹੜੀ ਅਜਿਹੀ ਬੁਰਾਈ ਹੈ, ਜੋ ਉਨ੍ਹਾਂ ਵਿਚ ਨਹੀਂ ਸੀ ? ਕਿਹੜਾ ਅਜਿਹਾ ਕੁਕਰਮ ਹੈ, ਜੋ ਓਹਨਾਂ ਵਿਚ ਜਾਰੀ ਨਹੀਂ ਸੀ ? ਚੋਰੀ ਕਰਨਾ; ਡਾਕੇ ਮਾਰਨਾ; ਓਹਨਾਂ ਦਾ ਸਾਧਾਰਨ ਕੰਮ ਸੀ; ਅਨਾਥਾਂ ਦਾ ਘਾਤ ਕਰਨਾ ਓਹਨਾਂ ਦਾ ਇਕ ਛੋਟਾ ਜਿਹਾ ਕਰਤਵ ਸੀ; ਪਿਉ ਮਹਿੱਟਰ ਬਾਲਕਾਂ ਨੂੰ ਕਤਲ ਕਰ ਕੇ ਓਹਨਾਂ ਦਾ ਮਾਲ ਖਾ ਲੈਂਦੇ ਸਨ; ਕੁੜੀਆਂ ਨੂੰ ਟੋਏ ਪੁੱਟ ਕੇ ਜੀਉਂਦਿਆਂ ਹੀ ਨਪ ਦਿੰਦੇ ਸਨ। ਵਿਭਚਾਰ ਵਿਚ ਇੱਜ਼ਤ ਸਮਝਦੇ ਸਨ ਅਰ ਆਪਣੇ ਕਸੀਦਿਆਂ ਵਿਚ

ਇਹਨਾਂ ਗੱਲਾਂ ਨੂੰ ਐਲਾਨੀਆਂ ਲਿਖਦੇ ਸਨ; ਸ਼ਰਾਬਖ਼ੋਰੀ ਉਸ ਕੌਮ ਵਿਚ ਇੱਨੇ ਜ਼ੋਰਾਂ ਪੁਰ ਸੀ ਕਿ ਕੋਈ ਘਰ ਵੀ ਇਸ ਤੋਂ ਸੱਖਣਾ ਨਹੀਂ ਸੀ; ਜੂਏ ਵਿਚ ਅਰਬੀ ਸਭ ਦੇਸਾਂ ਤੋਂ ਅੱਗੇ ਸਨ; ਸਭ ਥਾਂ ਪਸ਼ੂ-ਬ੍ਰਿਤੀ ਪ੍ਰਧਾਨ ਸੀ; ਮਨੁੱਖ-ਬ੍ਰਿਤੀ ਤੇ ਦੇਵ-ਬ੍ਰਿਤੀ ਦਾ ਨਾਂ ਲੈਣਾ ਭੀ ਪਾਪ ਸਮਝਿਆ ਜਾਂਦਾ ਸੀ।

ਜਦ ਸਾਡੇ ਪਿਆਰੇ ਨਬੀ ਓਹਨਾਂ ਦਾ ਸੁਧਾਰ ਕਰਨ ਲਈ ਉਠੇ ਅਰ ਆਪਣੇ ਆਤਮਕ ਬਲ ਨਾਲ ਓਹਨਾਂ ਦੇ ਦਿਲਾਂ ਨੂੰ ਸਾਫ਼ ਕਰਨਾ ਚਾਹਿਆ ਤਾਂ ਓਹਨਾਂ ਵਿਚ ਕੁਝ ਦਿਨਾਂ ਬਾਦ ਹੀ ਅਜਿਹੀ ਤਬਦੀਲੀ ਆਈ ਕਿ ਉਹ ਪਸ਼ੂ-ਬ੍ਰਿਤੀ ਨੂੰ ਤਜ ਕੇ ਮਨੁੱਖ-ਬ੍ਰਿਤੀ ਵਿਚ ਆ ਗਏ ਤੇ ਮਨੁੱਖ-ਬ੍ਰਿਤੀ ਤੋਂ ਤਰਕੀ ਕਰ ਕੇ ਦੇਵ-ਬ੍ਰਿਤੀ ਵਿਚ ਚਲੇ ਗਏ; ਅੰਤ ਉਹ ਪ੍ਰਮੇਸ਼ਰ ਦੇ ਪ੍ਰੇਮ ਵਿਚ ਅਜਿਹੇ ਲੀਨ ਹੋਏ ਕਿ ਆਪਾ ਮਿੱਟ ਗਿਆ। ਓਹਨਾਂ ਨੇ ਹਰ ਕਸ਼ਟ ਨੂੰ ਖਿੜੇ ਮੱਥੇ ਝੱਲਿਆ; ਬੜੀ ਬੇਦਰਦੀ ਨਾਲ ਓਹਨਾਂ ਨੂੰ ਕੋਰੜਿਆਂ ਦੀ ਮਾਰ ਕੀਤੀ ਗਈ; ਸੜਦੀ ਤੇ ਬਲਦੀ-ਰੇਤ ਤੇ ਲਿਟਾਇਆ ਗਿਆ; ਭੁੱਖਿਆਂ-ਪਿਆਸਿਆਂ ਰੱਖ ਕੇ ਮੌਤ ਦੇ ਮੂੰਹ ਪਾਇਆ ਗਿਆ; ਪਰ ਓਹਨਾਂ ਨੇ ਹਰ ਦੁੱਖ ਵਿਚ ਆਪਣਾ ਕਦਮ ਅੱਗੇ ਵਧਾਇਆ। ਕਈ ਸੱਜਣ ਓਹਨਾਂ ਵਿਚ ਅਜਿਹੇ ਭੀ ਸਨ, ਜਿਨ੍ਹਾਂ ਦੀਆਂ ਅੱਖਾਂ ਸਾਹਮਣੇ ਓਹਨਾਂ ਦੇ ਕਲੇਜੇ ਦੇ ਟੁਕੜੇ, ਮਾਸੂਮ ਬੱਚੇ, ਕਤਲ ਕੀਤੇ ਗਏ; ਕਈ ਅਜਿਹੇ ਸਨ ਕਿ ਜਿਨ੍ਹਾਂ ਨੂੰ ਓਹਨਾਂ ਦੇ ਰੋਂਦੇ ਤੇ ਕੁਰਲਾਂਦੇ ਬੱਚਿਆਂ ਦੇ ਸਾਹਮਣੇ ਸੂਲੀ ਟੰਗਿਆ ਗਿਆ। ਜਿਸ ਸਿਦਕ ਨਾਲ ਓਹਨਾਂ ਨੇ ਈਸ਼ਵਰ ਦੀ ਰਾਹ ਵਿਚ ਜਾਨਾਂ ਦਿੱਤੀਆਂ, ਉਸ ਦਾ ਖਿਆਲ ਕਰਨਾ ਵੀ ਅੱਖਾਂ ਵਿਚੋਂ ਹੰਝੂਆਂ ਦੀ ਲੜੀ ਵਗਾ ਦਿੰਦਾ ਹੈ। ਜੇ

ਓਹਨਾਂ ਦੇ ਦਿਲਾਂ ਤੇ ਈਸ਼ਵਰ ਦੀ ਮੁਹੱਬਤ ਤੇ ਉਸ ਦੇ ਨਬੀ ਹਜ਼ਰਤ ਮੁਹੰਮਦ ਸਾਹਿਬ ਦੇ ਆਤਮਕ ਬਲ ਦਾ ਅਸਰ ਨਹੀਂ ਸੀ ਤਾਂ ਹੋਰ ਕਿਹੜੀ ਚੀਜ਼ ਸੀ, ਜਿਸ ਨੇ ਓਹਨਾਂ ਨੂੰ ਇਸਲਾਮ ਵਲ ਖਿੱਚ ਲਿਆ, ਓਹਨਾਂ ਦੀਆਂ ਆਦਤਾਂ ਬਦਲਾ ਕੇ ਓਹਨਾਂ ਨੂੰ ਇਕ ਅਜਿਹੇ ਮਨੁੱਖ ਦੇ ਦੁਆਰੇ ਤੇ ਡਿੱਗਣ ਵਲ ਪ੍ਰੇਰਿਆ, ਜੋ ਬੇਕਸ, ਮਸਕੀਨ ਅਰ ਨਿਰਧਨ ਦੀ ਹਾਲਤ ਵਿਚ ਮੱਕੇ ਦੀਆਂ ਗਲੀਆਂ ਵਿਚ ਇਕੱਲਾ ਫਿਰਿਆ ਕਰਦਾ ਸੀ। ਓੜਕ ਕੋਈ ਆਤਮਕ ਸ਼ਕਤੀ ਸੀ, ਜੋ ਓਹਨਾਂ ਨੂੰ ਧਰਤੀ ਤੋਂ ਚੁਕ ਕੇ ਆਕਾਸ਼ ਤੇ ਲੈ ਗਈ। ਹੈਰਾਨੀ ਭਰੀ ਗੱਲ ਹੈ ਕਿ ਓਹਨਾਂ ਵਿਚ ਕਈ ਸੱਜਣ ਅਜਿਹੇ ਸਨ, ਜੋ ਆਪਣੀ ਕੁਫ਼ਰ (ਇਨਕਾਰ) ਦੀ ਹਾਲਤ ਵਿਚ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਜਾਨੀ ਦੁਸ਼ਮਣ ਅਰ ਲਹੂ ਦੇ ਤਿਹਾਏ ਸਨ। ਬਸ, ਮੈਂ ਤਾਂ ਇਸ ਤੋਂ ਵਧ ਕੇ ਹੋਰ ਕੋਈ ਕਰਾਮਤ ਨਹੀਂ ਸਮਝਦਾ ਕਿ ਕਿਵੇਂ ਇਕ ਗ਼ਰੀਬ, ਨਿਰਧਨ ਤੇ ਇਕੱਲੇ ਮਨੁੱਖ ਨੇ ਓਹਨਾਂ ਦੇ ਦਿਲਾਂ ਨੂੰ ਹਰ ਇੱਕ ਵੈਰ ਵਿਰੋਧ ਤੋਂ ਪਵਿੱਤਰ ਕਰ ਕੇ ਆਪਣੀ ਵੱਲ ਖਿੱਚ ਲਿਆ ਅਤੇ ਓਹ ਮਾਨ-ਸਤਿਕਾਰ ਵਾਲੇ ਪੁਸ਼ਾਕੇ ਤਿਆਗ ਕੇ ਤੇ ਤੱਪੜ ਦੇ ਬਸਤਰ ਪਹਿਨ ਕੇ ਸੇਵਾ ਕਰਨ ਲਈ ਤਤਪਰ ਹੋ ਗਏ।

ਕਈ ਮਤਹੀਣ ਸੱਜਣ ਇਸਲਾਮ ਪੁਰ ਜਹਾਦ ਦਾ ਇਲਜ਼ਾਮ ਲਾਉਂਦੇ ਹਨ ਅਰ ਆਖਦੇ ਹਨ ਕਿ ਉਹ ਸਭ ਤਲਵਾਰ ਦੇ ਜ਼ੋਰ ਜ਼ਬਰਦਸਤੀ ਮੁਸਲਮਾਨ ਕੀਤੇ ਗਏ। ਸ਼ੋਕ ! ਮਹਾਂ ਸ਼ੋਕ !! ਕਿ ਅਜਿਹੇ ਸੱਜਣ ਆਪਣੀ ਬੇਇਨਸਾਫੀ ਤੇ ਹੱਕ ਪੋਸ਼ੀ ਵਿਚ ਹੱਦੋਂ ਵਧ ਗਏ ਹਨ। ਅਫ਼ਸੋਸ ! ਇਹਨਾਂ

ਭਰਾਵਾਂ ਨੂੰ ਕੀ ਹੋ ਗਿਆ ਕਿ ਇਹ ਜਾਣ ਬੁਝ ਕੇ ਸੱਚ ਤੋਂ ਮੂੰਹ ਮੋੜਦੇ ਹਨ। ਸਾਡੇ ਨਬੀ ਅਰਬ ਦੇਸ ਵਿਚ ਇਕ ਬਾਦਸ਼ਾਹ ਦੀ ਹੈਸੀਅਤ ਵਿਚ ਪਰਗਟ ਨਹੀਂ ਹੋਏ; ਤਾਂ ਜੁ ਇਹ ਆਖਿਆ ਜਾ ਸਕੇ ਕਿ ਚੂੰਕਿ ਉਹ ਬਾਦਸ਼ਾਹੀ ਤਾਕਤ ਆਪਣੇ ਪਾਸ ਰਖਦੇ ਸਨ; ਇਸ ਲਈ ਲੋਕ ਆਪਣੀ ਜਾਨ ਬਚਾਉਣ ਲਈ ਓਹਨਾਂ ਦੇ ਝੰਡੇ ਥੱਲੇ ਆ ਗਏ। ਬਸ, ਪ੍ਰਸ਼ਨ ਤਾਂ ਇਹ ਹੈ ਜਦ ਆਪ ਨੇ ਆਪਣੀ ਗ਼ਰੀਬੀ, ਮਸਕੀਨੀ ਤੇ ਨਿਰਧਨੀ ਦੀ ਹਾਲਤ ਵਿਚ ਰੱਬ ਦੀ ਤੌਹੀਦ ਤੇ ਆਪਣੀ ਨਬੁੱਵਤ ਬਾਰੇ ਢੰਡੋਰਾ ਦਿੱਤਾ, ਤਾਂ ਉਸ ਵੇਲੇ ਕਿਸ ਤਲਵਾਰ ਦੇ ਡਰ ਨਾਲ ਲੋਕ ਆਪ ਤੇ ਈਮਾਨ ਲਿਆਏ ਸਨ ਅਤੇ ਜੋ ਈਮਾਨ ਨਹੀਂ ਲਿਆਏ ਸਨ, ਤਾਂ ਆਪ ਨੇ ਜ਼ਬਰਦਸਤੀ ਕਰਨ ਵਾਸਤੇ ਕਿਸ ਬਾਦਸ਼ਾਹ ਤੋਂ ਮਦਦ ਮੰਗੀ ਸੀ ?

ਸੱਚਾਈ ਦੇ ਚਾਹਵਾਨੋ ! ਤੁਸੀਂ ਸੱਚ ਜਾਣੋ ਕਿ ਇਹ ਸਭ ਗੱਲਾਂ ਓਹਨਾਂ ਭਰਾਵਾਂ ਦਾ ਕੋਰਾ ਝੂਠ ਹਨ, ਜੋ ਇਸਲਾਮ ਦੇ ਦੁਸ਼ਮਣ ਹਨ । ਇਤਿਹਾਸ ਦੇਖੋ, ਕਿ ਹਜ਼ਰਤ ਮੁਹੰਮਦ ਸਾਹਿਬ ਉਹੀ ਇਕ ਯਤੀਮ ਬੱਚਾ ਸੀ, ਜਿਸ ਦਾ ਪਿਤਾ ਜਨਮ ਤੋਂ ਕੁਝ ਦਿਨ ਪਹਿਲਾਂ ਹੀ ਕਾਲਵਸ ਹੋ ਗਿਆ ਤੇ ਮਾਤਾ ਕੇਵਲ ਕੁਝ ਮਹੀਨਿਆਂ ਦਾ ਬਾਲਕ ਛੱਡ ਕੇ ਮਰ ਗਈ। ਤਦ ਉਹ ਬਾਲਕ, ਜਿਸ ਨਾਲ ਈਸ਼ਵਰ ਦਾ ਹੱਥ ਸੀ, ਬਿਨਾਂ ਕਿਸੇ ਸਹਾਰੇ ਦੇ, ਈਸ਼ਵਰ ਦੀ ਛਤਰ ਛਾਇਆ ਹੇਠ ਪਲਦਾ ਰਿਹਾ। ਇਸ ਮੁਸੀਬਤ ਤੇ ਯਤੀਮੀ ਦੇ ਦਿਨਾਂ ਵਿਚ ਉਨ੍ਹਾਂ ਨੇ ਕਈ ਲੋਕਾਂ ਦੀਆਂ ਬਕਰੀਆਂ ਵੀ ਚਾਰੀਆਂ। ਈਸ਼ਵਰ ਤੋਂ ਛੁੱਟ ਓਹਨਾਂ ਦਾ ਹੋਰ ਕੋਈ ਸਹਾਰਾ ਨਹੀਂ ਸੀ। ਆਪ ਦੀ ੨੫ ਵਰ੍ਹੇ ਉਮਰ ਹੋਣ

ਤਕ ਭੀ ਕਿਸੇ ਸੰਬੰਧੀ ਨੇ ਆਪ ਨੂੰ ਆਪਣੀ ਲੜਕੀ ਨਾ ਦਿੱਤੀ; ਕਿਉਂਕਿ ਵੇਖਣ ਵਿੱਚ ਇਹੋ ਆਉਂਦਾ ਸੀ ਕਿ ਅਪ ਇਸ ਯੋਗ ਨਹੀਂ ਕਿ ਘਰਾਂ ਦੇ ਖਰਚ ਪੂਰੇ ਕਰ ਸਕਣ। ਇਸ ਤੋਂ ਛੁੱਟ ਆਪ ਉਮੀ (ਅਨਪੜ੍ਹ) ਸਨ। ਕੋਈ ਕੰਮ-ਕਾਜ ਭੀ ਨਹੀਂ ਜਾਣਦੇ ਸਨ। ਜਦ ਆਪ ਚਾਲੀ ਸਾਲ ਦੀ ਆਯੂ ਨੂੰ ਪੁਜੇ, ਤਾਂ ਆਪ ਦਾ ਦਿਲ ਇਕਦਮ ਈਸ਼ਵਰ ਵਲ ਖਿੱਚਿਆ ਗਿਆ। ਇਕ ਗ਼ਾਰ (ਖੋਹ) ਮੱਕੇ ਤੋਂ ਕੁਝ ਮੀਲਾਂ ਤੇ ਹੈ, ਜਿਸ ਦਾ ਨਾਉਂ 'ਗ਼ਾਰਿ-ਹਿਰਾ' ਹੈ; ਆਪ ਇਕੱਲੇ ਉਥੇ ਜਾਂਦੇ ਅਰ ਉਸ ਖੋਹ ਅੰਦਰ ਲੁਕ ਕੇ ਆਪਣੇ ਈਸ਼ਵਰ ਦੀ ਭਜਨ-ਬੰਦਗੀ ਕਰਦੇ। ਇਕ ਦਿਨ ਇਸੇ ਤਰ੍ਹਾਂ ਆਪ ਉਸ ਖੋਹ ਅੰਦਰ ਲੁਕ ਕੇ ਈਸ਼ਵਰ ਦਾ ਨਾਮ ਜਪ ਰਹੇ ਸਨ ਕਿ ਈਸ਼੍ਵਰ ਆਪ ਤੇ ਪਰਗਟ ਹੋਇਆ। ਆਪ ਨੂੰ ਹੁਕਮ ਮਿਲਿਆ ਕਿ "ਮੈਂ ਤੈਨੂੰ ਆਪਣਾ ਰਸੂਲ ਨਿਵਾਜਿਆ ਹੈ; ਕਿਉਂਕ ਸੰਸਾਰ ਨੇ ਈਸ਼ਵਰ ਦੇ ਰਸਤੇ ਨੂੰ ਛਡ ਦਿੱਤਾ ਹੈ ਤੇ ਸ੍ਰਿਸ਼ਟੀ ਪਾਪਾਂ ਨਾਲ ਭਰ ਗਈ ਹੈ। ਤੂੰ ਹੁਣ ਓਹਨਾਂ ਲੋਕਾਂ ਨੂੰ ਆਖ ਕਿ ਅਜ਼ਾਬ ਆਉਣ ਤੋਂ ਪਹਿਲਾਂ ਹੀ ਈਸ਼੍ਵਰ ਦੀ ਰਾਹ ਤੇ ਆ ਜਾਓ।"ਇਸ ਹੁਕਮ ਨੂੰ ਸੁਣ ਕੇ ਪਹਿਲਾਂ ਆਪ ਕੁਝ ਡਰੇ, ਕਿ ਮੈਂ ਇੱਕ ਉਮੀ(ਅਨਪੜ੍ਹ)ਤੇ ਗ਼ਰੀਬ ਮਨੁੱਖ ਹਾਂ। ਆਪ ਨੇ ਬੇਨਤੀ ਕੀਤੀ ਕਿ ਮੈਂ ਪੜ੍ਹਨਾ ਨਹੀਂ ਜਾਣਦਾ, ਤਾਂ ਈਸ਼੍ਵਰ ਨੇ ਆਪ ਦੇ ਦਿਲ ਵਿਚ ਕੁਲ ਆਤਮਕ ਵਿੱਦਿਆ; ਤੇ ਸ਼ਕਤੀਆਂ ਭਰ ਦਿੱਤੀਆਂ। ਆਪ ਦਾ ਹਿਰਦਾ ਚਾਨਣੇ ਨਾਲ ਭਰਪੂਰ ਹੋ ਗਿਆ। ਆਪ ਦੀ ਆਤਮਕ ਸ਼ਕਤੀ ਦੇ ਅਸਰ ਨਾਲ ਗ਼ਰੀਬ, ਅਰ ਆਜਿਜ਼ ਲੋਕ ਆਪ ਦੇ ਸਿੱਖ ਬਣਨੇ ਸ਼ੁਰੂ ਹੋ ਗਏ, ਤੇ ਜੋ ਵਡੇ ਵਡੇ ਮਨੁੱਖ ਸਨ, ਓਹਨਾਂ ਨੇ ਆਪ ਦੀ ਵਿਰੋਧਤਾ ਤੇ ਲਕ

ਬੰਨ੍ਹ ਲਿਆ ਅਤੇ ਇਥੋਂ ਤਕ ਵਧ ਗਏ ਕਿ ਆਪ ਨੂੰ ਮਾਰ ਦੇਣ ਦਾ ਇਰਾਦਾ ਕਰ ਲਿਆ। ਕਈ ਤੀਵੀਆਂ-ਮਰਦ ਬੜੇ ਬੜੇ ਤਸੀਹੇ ਦੇ ਕੇ ਸ਼ਹੀਦ ਕਰ ਸੁਟੇ। ਅੰਤਲਾ ਹਮਲਾ ਇਹ ਕੀਤਾ ਕਿ ਆਪ ਨੂੰ ਕਤਲ ਕਰਨ ਲਈ ਆਪ ਦੇ ਮਕਾਨ ਦੀ ਚਾਰ ਦੀਵਾਰੀ ਘੇਰ ਲਈ। ਪਰ ਜਿਸ ਨੂੰ ਰੱਬ ਰੱਖੇ, ਉਸ ਨੂੰ ਕੌਣ ਮਾਰੇ ? ਈਸ਼ਵਰ ਨੇ ਆਪ ਨੂੰ ਆਖਿਆ ਕਿ ਤੁਸੀਂ ਇਹ ਸ਼ਹਿਰ ਛਡ ਜਾਓ ਅਰ ਮੈਂ ਹਰ ਕਦਮ ਆਪ ਦੇ ਨਾਲ ਹਾਂ। ਬਸ, ਆਪ ਆਪਣੇ ਪਿਆਰੇ ਸਾਥੀ ਹਜ਼ਰਤ ਅਬੂਬਕਰ ਜੀ ਨੂੰ ਨਾਲ ਲੈ ਕੇ ਮੱਕਿਓਂ ਨਿਕਲ ਆਏ; ਤਿੰਨ ਰਾਤਾਂ 'ਗ਼ਾਰ ਸੋਰ' ਵਿਚ ਲੁਕੇ ਰਹੇ। ਦੁਸ਼ਮਣਾਂ ਨੇ ਪਿੱਛਾ ਕੀਤਾ ਇਕ ਖੋਜੀ ਨੂੰ ਲੈ ਕੇ ਗ਼ਾਰ ਤਕ ਪੁਜੇ। ਖੋਜੀ ਨੇ ਗ਼ਾਰ ਤਕ ਕਦਮ ਦਾ ਨਿਸ਼ਾਨ ਪਛਾਣ ਲਿਆ ਅਰ ਆਖਿਆ ਕਿ ਇਸ ਗ਼ਾਰ ਵਿਚ ਲਭੋ। ਇਸ ਤੋਂ ਅੱਗੇ ਕਦਮ ਨਹੀਂ; ਜੇ ਇਸ ਤੋਂ ਅੱਗੇ ਗਿਆ ਹੈ, ਤਾਂ ਫੇਰ ਅਕਾਸ਼ ਤੇ ਚੜ੍ਹ ਗਿਆ ਹੈ। ਪਰ ਈਸ਼ਵਰ ਦੀ ਕੁਦਰਤ ਦੇ ਨਮੂਨਿਆਂ ਦੀ ਕੌਣ ਹਦ-ਬੰਦੀ ਕਰ ਸਕਦਾ ਹੈ। ਈਸ਼ਵਰ ਨੇ ਇਕ ਰਾਤ ਵਿਚ ਹੀ ਆਪਣੀ ਕੁਦਰਤ ਦੱਸੀ ਕਿ ਮਕੜੀ ਨੇ ਆਪਣਾ ਜਾਲਾ ਤਣ ਕੇ ਉਸ ਗ਼ਾਰ ਦਾ ਮੂੰਹ ਬੰਦ ਕਰ ਦਿੱਤਾ ਅਤੇ ਇਕ ਕਬੂਤਰੀ ਨੇ ਉਸ ਗ਼ਾਰ ਦੇ ਮੂੰਹ ਤੇ ਆਪਣਾ ਆਲ੍ਹਣਾ ਬਣਾ ਕੇ ਆਂਡੇ ਵੀ ਦੇ ਦਿਤੇ। ਜਦ ਉਸ ਖੋਜੀ ਨੇ ਲੋਕਾਂ ਨੂੰ ਗ਼ਾਰ ਦੇ ਅੰਦਰ ਜਾਣ ਲਈ ਆਖਿਆ, ਤਾਂ ਇਕ ਬੁਢਾ ਸੱਜਣ ਬੋਲਿਆ ਕਿ ਇਹ ਖੋਜੀ ਤਾਂ ਸ਼ੁਦਾਈ ਹੋ ਗਿਆ ਹੈ। ਮੈਂ ਤਾਂ ਇਸ ਜਾਲੀ ਨੂੰ ਇਸ ਗ਼ਾਰ ਦੇ ਮੂੰਹ ਤੇ ਉਦੋਂ ਦਾ ਦੇਖ ਰਿਹਾ ਹਾਂ ਜਦ ਅਜੇ (ਹਜ਼ਰਤ) ਮੁਹੰਮਦ (ਸਾਹਿਬ) ਨੇ ਜਨਮ ਭੀ ਨਹੀਂ ਲਿਆ ਸੀ। ਇਸ ਗੱਲ ਨੂੰ ਸੁਣ

ਕੇ ਸਭ ਲੋਕ ਗ਼ਾਰ ਦਾ ਖਿਆਲ ਛਡ ਕੇ ਆਪੋ ਆਪਣੇ ਘਰਾਂ ਨੂੰ ਵਾਪਸ ਮੁੜ ਗਏ।

ਇਸ ਦੇ ਮਗਰੋਂ ਹਜ਼ਰਤ ਸਾਹਿਬ ਲੁਕ ਛਿਪ ਕੇ ਮਦੀਨੇ ਪੁਜੇ ਤੇ ਮਦੀਨੇ ਦੇ ਲੋਕਾਂ ਨੇ ਅ ਪ ਨੂੰ ਮੰਨ ਲਿਆ, ਜਿਸ ਪੁਰ ਮੱਕੇ ਦੇ ਵਸਨੀਕਾਂ ਦਾ ਗੁੱਸਾ ਹੋਰ ਵਧ ਗਿਆ ਅਰ ਅਫ਼ਸੋਸ ਕਰਨ ਲੱਗੇ ਕਿ ਸਾਡਾ ਸ਼ਿਕਾਰ ਹੱਥੋਂ ਨਿਕਲ ਗਿਆ। ਫਿਰ ਕੀ ਸੀ, ਦਿਨ ਰਾਤ ਇਹਨਾਂ ਸਾਜ਼ਸ਼ਾਂ ਵਿਚ ਲਗੇ ਰਹੇ ਕਿ ਕਿਵੇਂ ਨਾ ਕਿਵੇਂ ਹਜ਼ਰਤ ਸਾਹਿਬ ਨੂੰ ਕਤਲ ਕਰ ਦਿੱਤਾ ਜਾਵੇ। ਕੁਝ ਥੋਹੜੇ ਜੇਹੇ ਸੱਜਣ, ਜਿਨ੍ਹਾਂ ਹਜ਼ਰਤ ਸਾਹਿਬ ਨੂੰ ਮੰਨ ਲਿਆ ਸੀ, ਵੀ ਮੱਕੇ ਨੂੰ ਛਡ ਕੇ ਅੱਡੋ ਅੱਡ ਦੇਸਾਂ ਵਿਚ ਚਲੇ ਗਏ; ਕਈ ਸੱਜਣਾਂ ਨੇ 'ਹਬਸ਼ਾ' ਦੇ ਬਾਦਸ਼ਾਹ ਦੀ ਪਨਾਹ ਲਈ ਤੇ ਕਈ ਵਿਚਾਰੇ ਮੱਕੇ ਵਿਚ ਹੀ ਰਹੇ; ਕਿਉਂ ਜੁ ਓਹ ਸਫ਼ਰ ਕਰਨ ਦੀ ਤਾਕਤ ਨਹੀਂ ਰਖਦੇ ਸਨ। ਓਹਨਾਂ ਨੂੰ ਬੜੇ ਬੜੇ ਦੁਖ ਤੇ ਤਸੀਹੇ ਦਿਤੇ ਗਏ। ਰੱਬੀ ਬਾਣੀ (ਕੁਰਾਨ ਸ਼ਰੀਫ਼) ਵਿਚ ਵੀ ਓਹਨਾਂ ਦਾ ਜ਼ਿਕਰ ਹੈ; ਕਿਉਂ ਜੂ ਓਹ ਦਿਨ ਰਾਤ ਹੀ ਈਸ਼ਵਰ ਪਾਸ ਅਰਦਾਸੇ ਕਰਦੇ ਰਹਿੰਦੇ ਸਨ।

ਜਦ ਇਨਕਾਰੀ ਕੁਰੈਸ਼ੀਆਂ ਦਾ ਜ਼ੁਲਮ ਹਦੋਂ ਵਧ ਗਿਆ, ਤਾਂ ਓਹਨਾਂ ਨੇ ਗਰੀਬ ਤੀਵੀਆਂ ਅਰ ਯਤੀਮ ਬੱਚਿਆਂ ਦੇ ਆਹੂ ਲਾਉਣੇ ਸ਼ੁਰੂ ਕਰ ਦਿੱਤੇ। ਕਈ ਤ੍ਰੀਮਤਾਂ ਨੂੰ ਅਜਿਹੀ ਬੇਦਰਦੀ ਨਾਲ ਮਾਰਿਆ ਕਿ ਓਹਨਾਂ ਦੀਆਂ ਦੋਵੇਂ ਲੱਤਾਂ ਰੱਸਿਆਂ ਨਾਲ ਬੰਨ੍ਹ ਕੇ, ਦੋ ਊਠਾਂ ਨਾਲ ਜਕੜ ਦਿੱਤੀਆਂ ਤੇ ਊਠਾਂ ਨੂੰ ਵੱਖੋ ਵੱਖ ਪਾਸਿਆਂ ਵਲ ਦੁੜਾ ਕੇ ਚੀਰ ਸੁੱਟਿਆ।

ਓਹਨਾਂ ਵੇਕਸ ਇਸਤ੍ਰੀਆਂ ਨੇ, ਟੋਟੇ ਟੋਟ੍ਹੇ ਹੋ ਕੇ ਮਰਨਾ ਕਬੂਲ ਕੀਤਾ, ਪਰ ਧਰਮ ਨਾ ਹਾਰਿਆ।

ਜਦ ਨਿਰਦਈ ਇਨਕਾਰੀਆਂ ਦਾ ਜ਼ੁਲਮ ਹੱਦ ਤੋਂ ਵੱਧ ਗਿਆ, ਤਾਂ ਈਸ਼੍ਵਰ ਨੇ, ਜੋ ਅੰਤ ਆਪਣੇ ਸੇਵਕਾਂ ਤੇ ਰਹਿਮ ਕੀਤਾ ਕਰਦਾ ਹੈ, ਆਪਣੇ ਰਸੂਲ ਤੇ ਇਹ ਅਕਾਸ਼-ਬਾਣੀ ਉਤਾਰੀ ਕਿ 'ਮਜ਼ਲੂਮਾਂ ਦੀ ਪੁਕਾਰ ਮੇਰੇ ਤੱਕ ਪੁਜ ਗਈ ਹੈ। ਅੱਜ ਮੈਂ ਆਪ ਨੂੰ ਖੁਲ੍ਹ ਦਿੰਦਾ ਹਾਂ ਕਿ ਤੁਸੀਂ ਭੀ ਇਹਨਾਂ ਦਾ ਟਾਕਰਾ ਕਰੋ, ਅਰ ਯਾਦ ਰੱਖੋ ਜੋ ਮਨੁੱਖ ਨਿਰਦੋਸ਼ਾਂ ਤੇ ਤਲਵਾਰ ਚੁਕਦੇ ਹਨ, ਉਹ ਤਲਵਾਰ ਨਾਲ ਹੀ ਹਲਾਕ ਕੀਤੇ ਜਾਂਦੇ ਹਨ; ਪਰ ਤੁਸੀਂ ਕੋਈ ਵਾਧਾ ਨਾ ਕਰਨਾ; ਕਿਉਂਕਿ ਈਸ਼੍ਵਰ ਵਾਧਾ ਕਰਨ ਵਾਲਿਆਂ ਨੂੰ ਆਪਣਾ ਮਿੱਤ੍ਰ ਨਹੀਂ ਬਣਾਉਂਦਾ।'

ਇਹ ਹੈ ਇਸਲਾਮੀ ਜਹਾਦ ਦੀ ਹਕੀਕਤ, ਜਿਸ ਨੂੰ ਅਤੀਅੰਤ ਹੀ ਭੈੜੇ ਤਰੀਕੇ ਨਾਲ ਬਿਆਨ ਕੀਤਾ ਜਾਂਦਾ ਹੈ। ਬੇਸ਼ੱਕ ਈਸ਼੍ਵਰ ਨਰਮੀ ਵਾਲਾ ਹੈ, ਪਰ ਜਦ ਕਿਸੇ ਕੌਮ ਦੀ ਸ਼ਰਾਰਤ ਹੱਦੋਂ ਟੱਪ ਜਾਂਦੀ ਹੈ, ਤਾਂ ਉਹ ਜ਼ਾਲਮਾਂ ਨੂੰ ਸਜ਼ਾ ਦਿੱਤੇ ਬਿਨਾਂ ਨਹੀਂ ਛੱਡਦਾ, ਅਥਵਾ ਓਹਨਾਂ ਦੀ ਤਬਾਹੀ ਦੇ ਸਾਮਾਨ ਪੈਦਾ ਕਰ ਦੇਂਦਾ ਹੈ। ਪਤਾ ਨਹੀਂ, ਸਾਡੇ ਵਿਰੋਧੀਆਂ ਨੇ ਕਿੱਥੋਂ ਅਰ ਕਿਸ ਤੋਂ ਸੁਣਿਆ ਹੈ ਕਿ ਇਸਲਾਮ ਤਲਵਾਰ ਦੇ ਜ਼ੋਰ ਫੈਲਿਆ ਹੈ।

ਈਸ਼੍ਵਰ ਨੇ ਤਾਂ ਆਪਣੀ ਪਵਿੱਤ੍ਰ ਬਾਣੀ (ਕੁਰਾਨ ਸ਼ਰੀਫ਼) ਵਿੱਚ ਸਾਫ਼ ਆਖਿਆ ਹੈ:-

ਲਾ ਇਕਰਾਹਾ ਫ਼ਿੱਦੀਨ ॥

ਅਰਥਾਤ-ਇਸਲਾਮੀ ਮੱਤ ਵਿੱਚ ਕਿਸੇ ਤੇ ਜਬਰ ਨਹੀਂ। ਫਿਰ ਕਿਸ ਨੇ ਜਬਰ ਦਾ ਹੁਕਮ ਦਿੱਤਾ, ਅਰ ਜਬਰ ਦੇ ਕਿਹੜੇ ਸਾਮਾਨ ਸਨ। ਓਹ ਲੋਕ, ਜੋ ਜ਼ਬਰਦਸਤੀ ਮੁਸਲਮਾਨ ਹੋਏ, ਓਹਨਾਂ ਨੇ ਅਜਿਹਾ ਸਿਦਕ ਅਰ ਧਰਮ ਕਿਉਂ ਦੱਸਿਆ ਕਿ ਬਿਨਾਂ ਕਿਸੇ ਤਨਖਾਹ ਆਦਿ ਲੈਣ ਦੇ ਦੋ-ਤਿੰਨ ਸੌ ਆਦਮੀ ਹੋਣ ਦੇ ਬਾਵਜੂਦ ਹਜ਼ਾਰਾਂ ਮਨੁੱਖਾਂ ਦਾ ਟਾਕਰਾ ਕਰਦੇ ਰਹੇ। ਤੇ ਜਦ ਓਹਨਾਂ ਦੀ ਗਿਣਤੀ ਹਜ਼ਾਰਾਂ ਤੱਕ ਪੁਜ ਗਈ, ਤਾਂ ਲੱਖਾਂ ਦੁਸ਼ਮਣਾਂ ਨੂੰ ਹਰਾ ਦਿੱਤਾ, ਅਥਵਾ ਆਪਣਾ ਦੀਨ ਸ਼ਤ੍ਰੂਆਂ ਦੇ ਹਲਿਆਂ ਤੋਂ ਬਚਾਉਣ ਲਈ ਭੇਡਾਂ, ਬਕਰੀਆਂ ਵਾਂਗ ਆਪੌਣੇ ਸਿਰ ਕਟਾਏ; ਅਰ ਇਸਲਾਮ ਦੀ ਸੱਚਾਈ ਤੇ ਆਪਣੇ ਖ਼ੂਨ ਨਾਲ ਮੋਹਰਾਂ ਲਾਈਆਂ। ਈਸ਼੍ਵਰ ਦੀ ਏਕਤਾ ਫੈਲਾਉਣ ਦੇ ਅਜਿਹੇ ਆਸ਼ਕ ਹੋਏ ਕਿ ਭਿਖਾਰੀਆਂ ਵਾਂਗ ਔਕੜਾਂ ਝਲ ਕੇ ਅਫ਼ਰੀਕਾ ਦੇ ਰੇਤ ਥਲਿਆਂ ਤਕ ਪੁਜੇ ਅਰ ਉਸ ਦੇਸ ਵਿੱਚ ਇਸਲਾਮ ਫੈਲਾਇਆ। ਹਰ ਤਰ੍ਹਾਂ ਦੇ ਦੁਖ ਉਠਾ ਕੇ ਚੀਨ ਤੱਕ ਦਰਵੇਸ਼ਾਂ ਵਾਂਗ ਗਏ, ਨਾ ਕਿ ਜੰਗੀ ਤੌਰ ਤੇ; ਅਰ ਉੱਥੇ ਪੁਜ ਕੇ, ਉਥੋਂ ਦੇ ਲੋਕਾਂ ਨੂੰ ਇਸਲਾਮ ਦਾ ਸੱਦਾ ਦਿੱਤਾ। ਜਿਸ ਦਾ ਸਿੱਟਾ ਇਹ ਹੋਇਆ ਕਿ ਓਹਨਾਂ ਦੇ ਸ਼ਕਤੀ ਭਰੇ ਵਖਿਆਨਾਂ ਸਦਕਾ ਕਈ ਕਰੋੜ ਮੁਸਲਮਾਨ ਇਸ ਧਰਤੀ ਵਿਚ ਪੈਦਾ ਹੋ ਗਏ। ਫੇਰ ਤਪੜਪੋਸ਼ ਫਕੀਰਾਂ ਦੇ ਰੂਪ ਵਿੱਚ ਹਿੰਦੁਸਤਾਨ ਵਿੱਚ ਆਏ ਅਰ ਆਰੀਆ ਵਰਤ ਦੇ ਬਹੁਤ ਸਾਰੇ ਹਿੱਸੇ ਨੂੰ ਇਸਲਾਮੀ ਮੱਤ ਨਾਲ ਸ਼ਸ਼ੋਭਤ ਕੀਤਾ ਅਤੇ ਯੂਰਪ ਦੀ ਸਰਹੱਦ ਤੱਕ ਲਾਇਲਾਹਾ ਇੱਲੱਲਾਹਾ (ਈਸ਼੍ਵਰ ਤੋਂ ਛੁਟ ਹੋਰ ਕੋਈ ਹਸਤੀ ਪੂਜਣ ਯੋਗ ਨਹੀਂ) ਦੀ

ਆਵਾਜ਼ ਪੁਚਾਈ । ਤੁਸੀਂ ਆਪਣੇ ਸੱਚੇ ਦਿਲ ਨਾਲ ਆਖੋ ਕਿ ਇਹ ਕੌਮ ਓਹਨਾਂ ਲੋਕਾਂ ਦੇ ਹਨ, ਜੋ ਜ਼ਬਰਦਸਤੀ ਮੁਸਲਮਾਨ ਕੀਤੇ ਜਾਂਦੇ ਸਨ ਅਥਵਾ ਜਿਨ੍ਹਾਂ ਦਾ ਦਿਲ ਕਾਫ਼ਰ (ਇਨਕਾਰੀ) ਅਰ ਜ਼ਬਾਨ ਮੋਮਨ (ਮੰਨਣ ਵਾਲੀ) ਹੁੰਦੀ ਸੀ।

ਹੁਣ ਮੈਂ ਇਸ ਪਾਸੇ ਆਉਂਦਾ ਹਾਂ ਕਿ ਇਸਲਾਮ ਦਾ ਉਪਦੇਸ਼ ਕੀ ਹੈ ? ਸੋ ਪ੍ਰਗਟ ਹੋਵੇ ਕਿ ਇਸਲਾਮ ਦਾ ਵੱਡਾ ਭਾਰੀ ਮਕਸਦ ਈਸ਼੍ਵਰ ਦੀ ਤੌਹੀਦ (ਏਕਤਾ) ਅਰ ਜਲਾਲ ਨੂੰ ਸ੍ਰਿਸ਼ਟੀ ਤੇ ਕਾਇਮ ਕਰਨਾ, ਸ਼ਿਰਕ ਨੂੰ ਮਿਟਾਉਣਾ ਅਰ ਸਰਬੱਤ ਕੌਮਾਂ ਨੂੰ ਇੱਕ ਰਸਤੇ ਤੇ ਕਾਇਮ ਕਰ ਕੇ ਓਹਨਾਂ ਨੂੰ ਇਕ ਕੌਮ ਬਣਾਉਣਾ ਹੈ। ਪਹਿਲੇ ਜਿੰਨੇ ਭੀ ਮਜ਼੍ਹਬ ਹੋਏ ਹਨ ਅਰ ਜਿੰਨੇ ਨਬੀ ਤੇ ਰਸੂਲ ਆਏ ਹਨ, ਓਹਨਾਂ ਦੀ ਨਜ਼ਰ ਕੇਵਲ ਆਪਣੀ ਕੌਮ ਅਰ ਆਪਣੇ ਦੇਸ ਦੀ ਹਦ ਬੰਦੀ ਵਿੱਚ ਹੀ ਰਹੀ । ਜੇ ਓਹਨਾਂ ਨੇ ਕੁਝ ਇਖਲਾਕ ਭੀ ਸਿਖਾਏ, ਤਾਂ ਉਸ ਉਪਦੇਸ਼ ਤੋਂ ਓਹਨਾਂ ਦੀ ਮਰਜ਼ੀ ਇਸ ਤੋਂ ਛੁੱਟ ਹੋਰ ਕੁਝ ਵੀ ਨਹੀਂ ਸੀ ਕਿ ਆਪਣੀ ਕੌਮ ਨੂੰ ਓਹਨਾਂ ਇਖਲਾਕਾਂ ਵਿੱਚ ਸਿੰਜ ਦਿੱਤਾ; ਜਾਏ ਚੁਨਾਚਿ ਹਜ਼ਰਤ ਮਸੀਹ ਨਾਸਰੀ ਨੇ ਸਾਫ਼ ਸਾਫ਼ ਕਿਹਾ ਹੈ ਕਿ ਮੇਰਾ ਉਪਦੇਸ਼ ਕੇਵਲ ਬਨੀ ਇਸਰਾਈਲ ਘਰਾਣੇ ਲਈ ਹੈ; ਅਰ ਜਦ ਇੱਕ ਤ੍ਰੀਮਤ ਨੇ, ਜੋ ਇਸਰਾਈਲੀ ਘਰਾਣੇ ਵਿੱਚੋਂ ਨਹੀਂ ਸੀ, ਬੜੀ ਅਧੀਨਗੀ ਨਾਲ ਓਹਨਾਂ ਤੋਂ ਸਿੱਖਿਆ ਚਾਹੀ, ਤਾਂ ਓਹਨਾਂ ਨੇ ਉਸ ਨੂੰ ਰੱਦ ਕਰ ਦਿੱਤਾ। ਫਿਰ ਉਸ ਨਿਰਧਨ ਤੀਵੀਂ ਨੇ ਕੁਤਿਆਂ ਨਾਲ ਆਪਣੇ ਆਪ ਨੂੰ ਮਿਲਾ ਕੇ ਮੁੜ ਦੁਬਾਰਾ ਸਿੱਖਿਆ ਲੈਣ ਦਾ ਖਿਆਲ ਪਰਗਟ ਕੀਤਾ, ਤਾਂ ਇਹੋ ਜਵਾਬ ਮਿਲਿਆ ਕਿ ਮੈਂ ਕੇਵਲ ਇਸਰਾਈਲੀ

ਭੇਡਾਂ ਲਈ ਭੇਜਿਆ ਗਿਆ ਹਾਂ। ਅੰਤ ਉਹ ਹਾਰ ਕੇ ਚੁਪ ਕਰ ਗਈ। ਪਰ ਸਾਡੇ ਨਬੀ ਹਜ਼ਰਤ ਮੁਹੰਮਦ ਸਾਹਿਬ ਨੇ ਕਿਤੇ ਵੀ ਨਹੀਂ ਕਿਹਾ ਕਿ ਮੈਂ ਕੇਵਲ ਅਰਬ ਲਈ ਭੇਜਿਆ ਗਿਆ ਹਾਂ; ਸਗੋਂ (ਰੱਬੀ ਬਾਣੀ) ਕੁਰਾਨ ਸ਼ਰੀਫ਼ ਵਿਚ ਤਾਂ ਇਹ ਹੈ ਕਿ—

ਕੁਲ ਯਾ ਅੱਯੁਹੱਨਾਸੁ ਇੰਨੀ ਰਸੂਲੁੱਲਾਹਿ
ਇਲੈਕੁਮ ਜੁਮੀਆ।

ਅਰਥਾਤ—(ਐ ਮੁਹੰਮਦ) ਸਭ ਲੋਕਾਂ ਨੂੰ ਆਖ ਦੇਹ ਕਿ ਮੈਂ ਸਰਬਤ ਸੰਸਾਰ ਲਈ ਭੇਜਿਆ ਗਿਆ ਹਾਂ।

ਇਹ ਯਾਦ ਰਹੇ ਕਿ ਹਜ਼ਰਤ ਈਸਾ ਜੀ ਦਾ ਉਸ ਔਰਤ ਨੂੰ ਕੋਰਾ ਜਵਾਬ ਦੇਣਾ, ਅਜਿਹੀ ਗੱਲ ਨਹੀਂ, ਜਿਸ ਵਿਚ ਹਜ਼ਰਤ ਈਸਾ ਜੀ ਦਾ ਕੋਈ ਦੋਸ਼ ਸੀ; ਸਗੋਂ ਆਮ ਸਿਖਿਆ ਦਾ ਅਜੇ ਸਮਾਂ ਨਹੀਂ ਸੀ ਆਇਆ। ਹਜ਼ਰਤ ਈਸਾ ਜੀ ਨੂੰ ਈਸ਼ਵਰ ਦਾ ਇਹੀ ਹੁਕਮ ਸੀ ਕਿ 'ਤੁਸੀਂ ਖਾਸ ਬਨੀ ਇਸਰਾਈਲ ਲਈ ਭੇਜੇ ਗਏ ਹੋ; ਹੋਰਨਾਂ ਨਾਲ ਤੁਹਾਨੂੰ ਕੋਈ ਮਤਲਬ ਨਹੀਂ।' ਬਸ, ਜਿਵੇਂ ਮੈਂ ਹੁਣੇ ਬਿਆਨ ਕੀਤਾ ਹੈ ਕਿ ਹਜ਼ਰਤ ਈਸਾ ਦਾ ਇਖਲਾਕੀ ਉਪਦੇਸ਼ ਵੀ ਕੇਵਲ ਯਹੂਦੀਆਂ ਲਈ ਸੀ, ਉਸ ਦਾ ਕਾਰਨ ਇਹ ਸੀ ਕਿ ਤੌਰੈਤ ਵਿਚ ਹੁਕਮ ਸਨ ਕਿ ਦੰਦ ਦੇ ਬਦਲੇ ਦੰਦ, ਅੱਖ ਦੇ ਬਦਲੇ ਅੱਖ ਅਰ ਨੱਕ ਦੇ ਬਦਲੇ ਨੱਕ। ਇਸ ਉਪਦੇਸ਼ ਤੋਂ ਕੇਵਲ ਇਹ ਗਰਜ਼ ਸੀ ਕਿ ਯਹੂਦੀਆਂ ਵਿਚ ਅਦਲ ਦਾ ਮਸਲਾ ਕਾਇਮ ਕੀਤਾ ਜਾਵੇ ਤੇ ਓਹਨਾਂ ਨੂੰ ਜ਼ੁਲਮ ਤੇ ਵਧੀਕੀ ਤੋਂ ਰੋਕਿਆ ਜਾਵੇ। ਚੂੰਕਿ ਓਹ ਦੋ ਚਾਰ ਸੌ ਵਰ੍ਹੇ ਤਕ ਗ਼ੁਲਾਮੀ ਵਿਚ ਰਹਿ ਚੁਕੇ ਸਨ; ਇਸ ਲਈ ਓਹਨਾਂ ਵਿਚ ਜ਼ੁਲਮ, ਅਰ ਸਿਫ਼ਲਾਪਨ ਦੀਆਂ

ਢੇਰ ਆਦਤਾਂ ਪੈਦਾ ਹੋ ਗਈਆਂ ਸਨ। ਬਸ, ਈਸ਼ਵਰ ਦੀ ਹਿਕਮਤ ਨੇ ਇਹ ਮੰਗ ਕੀਤੀ ਕਿ ਜਿਵੇਂ ਬਦਲੇ ਲਈ ਓਹਨਾਂ ਦੀਆਂ ਆਦਤਾਂ ਵਿਚ ਇਕ ਤਸ਼ੱਦਦ ਸੀ, ਉਸ ਨੂੰ ਦੂਰ ਕਰਨ ਵਾਸਤੇ ਇਸ ਤਸ਼ੱਦਦ ਦੇ ਨਾਲ ਇਖਲਾਕੀ ਉਪਦੇਸ਼ ਪੇਸ਼ ਕੀਤਾ ਜਾਵੇ। ਸੋ ਉਹ ਇਖਲਾਕੀ ਉਪਦੇਸ਼ ਅੰਜੀਲ ਹੈ, ਜੋ ਕੇਵਲ ਯਹੂਦੀਆਂ ਲਈ ਹੈ, ਸਾਰੇ ਸੰਸਾਰ ਲਈ ਨਹੀਂ; ਕਿਉਂਕਿ ਦੂਜੀਆਂ ਕੌਮਾਂ ਨਾਲ ਹਜ਼ਰਤ ਈਸਾ ਜੀ ਨੂੰ ਕੋਈ ਵਾਸਤਾ ਹੀ ਨਹੀਂ ਸੀ।

ਅਸਲ ਗੱਲ ਇਹ ਹੈ ਕਿ ਇਸ ਉਪਦੇਸ਼ ਵਿਚ, ਜੋ ਈਸਾ ਜੀ ਨੇ ਪੇਸ਼ ਕੀਤਾ, ਕੇਵਲ ਇਹੀ ਘਾਟਾ ਨਹੀਂ ਕਿ ਉਹ ਸਾਰੇ ਸੰਸਾਰ ਦੀ ਹਮਦਰਦੀ ਨਹੀਂ ਰਖਦਾ; ਸਗੋਂ ਇਹ ਭੀ ਹੈ ਕਿ ਜਿਵੇਂ ਤੌਰੈਤ ਤਸ਼ੱਦਦ ਅਰ ਬਦਲੇ ਦੀ ਸਿੱਖਿਆ ਵਿਚ ਇਫਰਾਤ* ਵਲ ਝੁਕੀ ਹੋਈ ਹੈ, ਉਸੇ ਤਰ੍ਹਾਂ ਅੰਜੀਲ ਦਾ, ਸਬਰ ਤੇ ਦਰਗੁਜ਼ਰ ਦਾ, ਉਪਦੇਸ਼ ਤਫਰੀਤ† ਵਿਚ ਚਲਾ ਗਿਆ ਹੈ। ਇਹਨਾਂ ਦੋਹਾਂ ਕਿਤਾਬਾਂ ਨੇ ਮਨੁੱਖੀ ਦਰਖਤ ਦੀਆਂ ਸਭ ਵਹਿਣੀਆਂ ਦਾ ਲਿਹਾਜ਼ ਨਹੀਂ ਰੱਖਿਆ; ਸਗੋਂ ਉਸ ਦੀ ਇਕ ਟਹਿਣੀ ਨੂੰ ਤਾਂ ਤੌਰੈਤ ਪੇਸ਼ ਕਰਦੀ ਹੈ ਅਰ ਦੂਜੀ ਅੰਜੀਲ ਦੇ ਹੱਥ ਹੈ। ਦੋਵੇਂ ਕੌਮਾਂ ਅਸਲ ਰਾਹ ਨੂੰ ਭੁਲ ਗਈਆਂ ਹਨ; ਕਿਉਂਕਿ ਜਿਸ ਤਰ੍ਹਾਂ ਹਰ ਸਮੇਂ ਅਰ ਹਰ ਵੇਲੇ ਬਦਲਾ ਲੈਣਾ ਅਰ ਸਜ਼ਾ ਦੇਣਾ ਠੀਕ ਨਹੀਂ, ਇਸੇ ਤਰ੍ਹਾਂ ਹੀ ਹਰ ਸਮੇਂ ਅਰ ਹਰ ਵੇਲੇ ਸਬਰ ਜਾਂ ਦੇਖ ਕੇ ਅਣਡਿੱਠ ਕਰਨਾ ਵੀ ਮਨੁੱਖੀ

*ਹਦ ਤੋਂ ਵਧ ਜਾਣਾ। †ਹਦ ਤੋਂ ਘਟ ਜਾਣਾ।

ਪਾਲਣਾ ਅਨੁਸਾਰ ਬਿਲਕੁਲ ਅਯੋਗ ਹੈ। ਇਸੇ ਕਰਕੇ ਤਾਂ ਰੱਬੀ ਬਾਣੀ (ਕੁਰਾਨ ਸ਼ਰੀਫ਼) ਨੇ ਇਹਨਾਂ ਦੋਹਾਂ ਉਪਦੇਸ਼ਾਂ ਨੂੰ ਰੱਦ ਕਰ ਕੇ ਆਖਿਆ ਹੈ:-

ਜਜ਼ਾਉ ਸੱਯਿਆਤਿ੍ ਸੱਯਿਆਤੁਨ ਮਿਸਲਹਾ ਫਮਨ
ਅਫ਼ਵਾ ਅਸਲਹਾ ਫਅੱਜਰੁਹੂ ਅਲੱਲਾਹ।

ਅਰਥਾਤ—ਬਦੀ ਦਾ ਬਦਲਾ ਉਸ ਕਦਰ ਬਦੀ ਹੈ, ਜਿੰਨੀ ਉਹ ਕੀਤੀ ਜਾਵੇ, ਜਿਵੇਂ ਤੌਰੈਤ ਦਾ ਉਪਦੇਸ਼ ਹੈ, ਪਰ ਜੋ ਮਨੁੱਖ ਸਬਰ ਅਰ ਦੇਖ ਕੇ ਅਣਡਿੱਠ ਕਰੇ, ਜਿਵੇਂ ਅੰਜੀਲ ਦੀ ਸਿੱਖਿਆ ਹੈ, ਤਾਂ ਇਸ ਹਾਲਤ ਵਿਚ ਉਹ ਦੇਖ ਕੇ ਅਣ-ਡਿੱਠ ਕਰਨਾ ਠੀਕ ਹੋਵੇਗਾ, ਜੇ ਉਸ ਦਾ ਨਤੀਜਾ ਨੇਕ ਅਰ ਚੰਗਾ ਹੋਵੇ ਅਰ ਜਿਸ ਨੂੰ ਮਾਫ਼ ਕੀਤਾ ਜਾਵੇ, ਉਸ ਦਾ ਕੋਈ ਸੁਧਾਰ ਹੁੰਦਾ ਹੋਵੇ; ਨਹੀਂ ਤਾਂ ਕਾਨੂਨ ਓਹੋ ਹੈ, ਜੋ ਤੌਰੈਤ ਵਿਚ ਦਰਜ ਹੈ।

॥ ਇਤੀ ॥

Printed by The Eastern Press Ltd
London and Reading

Publisher: Mubarak Ahmad Saqi
Additional: Nazir Isha'at and Vakilut Tasneef
The London Mosque
16 Gressen Hall Road, London SW18